Punjab Government Gazette

EXTRAORDINARY

Published by Authority

CHANDIGARH, MONDAY, JUNE 1, 2026
(JYAISTHA 11, 1948 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬ ਦਿਹਾਤੀ ਵਿਕਾਸ ਐਕਟ,1987 (1987 ਦਾ ਪੰਜਾਬ ਐਕਟ ਨੰ.6)	...641-648
	2. ਪੰਜਾਬ ਲੋਕਪਾਲ ਐਕਟ,1996 (1997 ਦਾ ਪੰਜਾਬ ਐਕਟ ਨੰ.3)	...649-671
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 1 ਜੂਨ, 2026

ਨੰ. 44/ਭ:ਕ/2026.– ਪੰਜਾਬ ਦਿਹਾਤੀ ਵਿਕਾਸ ਐਕਟ, 1987 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 1st June, 2026

No. 44/L.C./2026.- The Translation in Punjabi of the Punjab Rural Development Act, 1987 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਦਿਹਾਤੀ ਵਿਕਾਸ ਐਕਟ, 1987

(1987 ਦਾ ਪੰਜਾਬ ਐਕਟ ਨੰ: 6)

ਦਿਹਾਤੀ ਵਿਕਾਸ ਨੂੰ ਤੇਜ਼ ਕਰਨ, ਜ਼ਰਾਇਤੀ ਉਤਪਾਦਨ ਵਧਾਉਣ, ਜ਼ਰਾਇਤੀ ਉਪਜ ਦੇ ਡੀਲਰਾਂ ਅਤੇ ਖਰੀਦਦਾਰਾਂ ਲਈ ਸਹੂਲਤਾਂ ਵਿੱਚ ਸੁਧਾਰ ਕਰਨ ਅਤੇ ਕੁਦਰਤੀ ਆਫ਼ਤਾਂ ਕਾਰਨ ਜ਼ਰਾਇਤੀ ਉਪਜ ਦੀ ਹਾਨੀ ਲਈ ਰਾਹਤ ਦੇਣ ਦਾ ਉਪਬੰਧ ਕਰਨ ਦੀ ਦ੍ਰਿਸ਼ਟੀ ਨਾਲ ਪੰਜਾਬ ਦਿਹਾਤੀ ਵਿਕਾਸ ਬੋਰਡ ਦੀ ਸਥਾਪਨਾ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਦਿਹਾਤੀ ਵਿਕਾਸ ਬੋਰਡ ਐਕਟ, 1987 ਕਿਹਾ ਜਾ ਸਕੇਗਾ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਕੋਈ ਗੱਲ ਪ੍ਰਸੰਗ ਦੇ ਵਿਰੁੱਧ ਨ ਹੋਵੇ,–

(ਓ) "ਜ਼ਰਾਇਤੀ ਉਪਜ" ਦਾ ਮਤਲਬ ਹੈ ਜ਼ਰਾਇਤੀ, ਬਾਗਬਾਨੀ, ਪਸੂ–ਪਾਲਣ, ਜਾਂ ਵਣ ਦੀ ਸਾਰੀ ਉਪਜ, ਭਾਵੇਂ ਉਹ ਪ੍ਰੋਸੈਸ ਕੀਤੀ ਹੋਵੇ ਜਾਂ ਨ ਹੋਵੇ, ਜਿਵੇਂ ਮੁਕੱਰਰ ਕੀਤਾ ਜਾਵੇ;

(ਅ) "ਬੋਰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਕੀਤਾ ਗਿਆ ਪੰਜਾਬ ਦਿਹਾਤੀ ਵਿਕਾਸ ਬੋਰਡ;

(ਏ) "ਡੀਲਰ" ਦਾ ਮਤਲਬ ਹੈ ਕੋਈ ਵਿਅਕਤੀ ਜੋ, ਅਧਿਸੂਚਿਤ ਮੰਡੀ ਖੇਤਰ ਦੇ ਅੰਦਰ, ਜ਼ਰਾਇਤੀ ਉਪਜ ਦੀ ਖਰੀਦ, ਵਿਕਰੀ, ਸਟੋਰੇਜ਼ ਜਾਂ ਪ੍ਰੋਸੈਸ ਕਰਨ ਲਈ ਕਿਸੇ ਸਥਾਨ ਨੂੰ ਖੜ੍ਹਾ ਕਰਦਾ ਹੈ, ਸਥਾਪਤ ਕਰਦਾ ਹੈ ਜਾਂ ਜਾਰੀ ਰੱਖਦਾ ਹੈ ਜਾਂ ਜਾਰੀ ਰੱਖਣ ਦੀ ਆਗਿਆ ਦਿੰਦਾ ਹੈ, ਜਾਂ ਜੋ ਅਧਿਸੂਚਿਤ ਮੰਡੀ ਖੇਤਰ ਵਿੱਚ ਅਜਿਹੇ ਜ਼ਰਾਇਤੀ ਉਪਜ ਦੀ ਖਰੀਦ, ਵਿਕਰੀ, ਸਟੋਰੇਜ਼ ਜਾਂ ਪ੍ਰੋਸੈਸ ਕਰਦਾ ਹੈ;

(ਸ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 6 ਅਧੀਨ ਗਠਤ ਕੀਤਾ ਗਿਆ ਪੰਜਾਬ ਦਿਹਾਤੀ ਵਿਕਾਸ ਫ਼ੰਡ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਕ) "ਪ੍ਰੋਸੈਸ ਕਰਨਾ" ਦਾ ਮਤਲਬ ਹੈ ਕਿਸੇ ਜ਼ਰਾਇਤੀ ਉਪਜ ਨੂੰ ਉਪਯੋਗ ਜਾਂ ਖਪਤ ਦੇ ਯੋਗ ਬਣਾਉਣ ਦੇ ਮੰਤਵ ਲਈ ਉਪਚਾਰ ਜਾਂ ਉਪਚਾਰਾਂ ਦੀ ਇੱਕ ਲੜੀ ਦੇਣਾ ਅਤੇ ਇਸ ਵਿੱਚ ਜ਼ਰਾਇਤੀ ਉਪਜ ਤੋਂ ਨਿਰਮਾਣ ਸ਼ਾਮਲ ਹੈ;

(ਖ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਵਿਨਿਯਮ;

(ਗ) "ਦਿਹਾਤੀ ਖੇਤਰ" ਦਾ ਮਤਲਬ ਹੈ,–

(i) ਪੰਜਾਬ ਨਗਰਪਾਲਕਾ ਐਕਟ, 1911 ਦੇ ਅਧੀਨ ਨਗਰਪਾਲਕ ਵਿੱਚ ਸ਼ਾਮਲ ਸਥਾਨਕ ਖੇਤਰ;

(ii) ਪੰਜਾਬ ਨਗਰ-ਨਿਗਮ ਐਕਟ, 1976 ਦੇ ਅਧੀਨ ਇੱਕ ਨਗਰ ਵਜੋਂ ਗਠਤ ਕੀਤਾ ਸਥਾਨਕ ਖੇਤਰ;

(iii) ਪੰਜਾਬ ਸ਼ਹਿਰੀ ਸੰਪਦਾ (ਵਿਕਾਸ ਅਤੇ ਵਿਨਿਯਮਨ) ਐਕਟ, 1964 ਦੇ ਅਧੀਨ ਸ਼ਹਿਰੀ ਸੰਪਦਾ ਵਜੋਂ ਐਲਾਨਿਆ ਗਿਆ ਖੇਤਰ; ਅਤੇ

(iv) ਛਾਉਣੀ ਐਕਟ, 1924 ਦੇ ਅਧੀਨ ਛਾਉਣੀ ਵਜੋਂ ਐਲਾਨਿਆ ਸਥਾਨ;

ਤੋਂ ਇਲਾਵਾ ਖੇਤਰ; ਅਤੇ

(ਘ) ਇਸ ਐਕਟ ਵਿੱਚ ਵਰਤੇ ਗਏ ਪਰ ਪਰਿਭਾਸ਼ਤ ਨ ਕੀਤੇ ਗਏ ਸ਼ਬਦਾਂ ਅਤੇ ਪਦਾਂ ਦਾ ਮਤਲਬ ਹੋਵੇਗਾ ਜੋ ਉਨ੍ਹਾਂ ਨੂੰ ਪੰਜਾਬ ਜ਼ਰਾਇਤੀ ਉਪਜ ਮੰਡੀ ਐਕਟ, 1961 ਵਿੱਚ ਦਿੱਤਾ ਗਿਆ ਹੈ।

ਬੋਰਡ ਦੀ ਸਥਾਪਨਾ, ਇਸ ਦਾ ਗਠਨ, ਸ਼ਕਤੀਆਂ ਅਤੇ ਕਰਤੱਵ।

3. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੁਆਰਾ ਜਾਂ ਅਧੀਨ ਬੋਰਡ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਸੌਂਪੇ ਗਏ ਕਾਜਕਾਰ ਅਤੇ ਕਰਤੱਵਾਂ ਨੂੰ ਨਿਭਾਉਣ ਲਈ, ਪੰਜਾਬ ਦਿਹਾਤੀ ਵਿਕਾਸ ਬੋਰਡ ਸਥਾਪਤ ਕਰ ਸਕੇਗੀ।

(2) ਉਪ-ਧਾਰਾ (1) ਦੇ ਨਿਬੰਧਨਾਂ ਦੇ ਅਨੁਸਾਰ ਸਥਾਪਤ ਕੀਤਾ ਗਿਆ ਬੋਰਡ ਚੇਅਰਮੈਨ ਅਤੇ ਹੇਠਾਂ-ਲਿਖੇ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

(i) ਖੇਤੀਬਾੜੀ ਮੰਤਰੀ, ਪੰਜਾਬ;

(ii) ਮਾਲ ਅਤੇ ਮੁੜ-ਵਸੇਬਾ ਮੰਤਰੀ, ਪੰਜਾਬ;

(iii) ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਪੰਜਾਬ;

(iv) ਵਿੱਤੀ ਕਮਿਸ਼ਨਰ ਵਿਕਾਸ, ਪੰਜਾਬ;

(v) ਵਿੱਤੀ ਕਮਿਸ਼ਨਰ ਮਾਲ, ਪੰਜਾਬ;

(vi) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; ਅਤੇ

(vii) ਮੁੱਖ-ਮੰਤਰੀ, ਪੰਜਾਬ ਦੁਆਰਾ ਨਾਮਜ਼ਦ ਕੀਤੇ ਚਾਰ ਹੋਰ ਵਿਅਕਤੀ, ਜਿਨ੍ਹਾਂ ਕੋਲ ਦਿਹਾਤੀ ਅਤੇ ਖੇਤੀਬਾੜੀ ਅਤੇ ਹੋਰ ਸਮਵਰਤੀ ਖੇਤਰਾਂ ਵਿੱਚ ਕਾਫ਼ੀ ਤਜਰਬਾ ਹੋਵੇ।

(3) ਮੁੱਖ ਮੰਤਰੀ, ਪੰਜਾਬ, ਬੋਰਡ ਦਾ ਚੇਅਰਮੈਨ ਹੋਵੇਗਾ।

(3-ਓ) ਉਪ-ਧਾਰਾ (2) ਅਤੇ (3) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਵਿੱਚ ਭਾਰਤ ਦੇ ਸੰਵਿਧਾਨ ਦੇ ਅਨੁਛੇਦ 356 ਦੇ ਖੰਡ (1) ਅਧੀਨ ਜਾਰੀ ਕੀਤੀ ਗਈ ਘੋਸ਼ਣਾ ਦੇ ਅਮਲ ਦੇ ਦੌਰਾਨ, ਉਪ-ਧਾਰਾ (1) ਦੇ ਨਿਬੰਧਨਾਂ ਦੇ ਅਨੁਸਾਰ ਸਥਾਪਤ ਬੋਰਡ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ, ਅਰਥਾਤ:-

(i)	ਪੰਜਾਬ ਦਾ ਰਾਜਪਾਲ;	... ਚੇਅਰਮੈਨ
(ii)	ਅਤਿਰਿਕਤ ਮੁੱਖ ਸਕੱਤਰ, ਪੰਜਾਬ ਸਰਕਾਰ ਅਤੇ ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ;	... ਮੈਂਬਰ
(iii)	ਵਿੱਤੀ ਕਮਿਸ਼ਨਰ, ਮਾਲ, ਪੰਜਾਬ;	... ਮੈਂਬਰ
(iv)	ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;	... ਮੈਂਬਰ
(v)	ਸਕੱਤਰ, ਪੰਜਾਬ ਸਰਕਾਰ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ;	... ਮੈਂਬਰ
(vi)	ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ;	... ਮੈਂਬਰ

(vii)	ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ (ਲੋਕ ਸਿਹਤ);	... ਮੈਂਬਰ
(viii)	ਸਕੱਤਰ, ਪੰਜਾਬ ਸਰਕਾਰ, ਯੋਜਨਾ ਵਿਭਾਗ; ਅਤੇ	... ਮੈਂਬਰ
(ix)	ਸਕੱਤਰ, ਪੰਜਾਬ ਸਰਕਾਰ।	... ਮੈਂਬਰ

(4) ਉਪ-ਧਾਰਾ (2) ਅਤੇ (3-ਓ) ਦੇ ਨਿਬੰਧਨਾਂ ਦੇ ਅਨੁਸਾਰ ਗਠਤ ਕੀਤਾ ਬੋਰਡ, ਇੱਕ ਨਿਗਮਤ ਬੌਡੀ ਹੋਵੇਗੀ, ਜਿਸ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ, ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਸੰਪੱਤੀ ਅਰਜਤ ਕਰਨ ਅਤੇ ਧਾਰਨ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗਾ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(5) ਰਾਜ ਸਰਕਾਰ ਬੋਰਡ ਅਤੇ ਇਸ ਦੇ ਕਰਮਚਾਰੀਆਂ ਉੱਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗੀ, ਅਤੇ ਅਜਿਹੀ ਸੂਚਨਾ ਦੀ ਮੰਗ ਕਰ ਸਕੇਗੀ ਜਿਵੇਂ ਉਹ ਜ਼ਰੂਰੀ ਸਮਝੇ।

(6) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਆਪਣੀਆਂ ਇਕੱਤਰਤਾਵਾਂ ਵਿੱਚ ਕਾਰੋਬਾਰ ਦਾ ਸੰਚਾਲਣ ਕਰਨ ਲਈ ਅਤੇ ਅਜਿਹੇ ਹੋਰ ਮਾਮਲਿਆਂ ਲਈ, ਜੋ ਮੁਕੱਰਰ ਕੀਤੇ ਜਾਣ, ਵਿਨਿਯਮ ਬਣਾ ਸਕੇਗਾ।

(7) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਦੀ ਅਗਲੇ ਸਾਲ ਲਈ ਸਲਾਨਾ ਆਮਦਨ ਅਤੇ ਖਰਚ ਦਾ ਅਨੁਮਾਨ ਬੋਰਡ ਦੁਆਰਾ ਤਿਆਰ ਅਤੇ ਪਾਸ ਕੀਤਾ ਜਾਵੇਗਾ ਅਤੇ ਹਰ ਸਾਲ ਮੁਕੱਰਰ ਤਰੀਕ ਤੋਂ ਪਹਿਲਾਂ ਰਾਜ ਸਰਕਾਰ ਦੀ ਮਨਜੂਰੀ ਲਈ ਪੇਸ਼ ਕੀਤਾ ਜਾਵੇਗਾ:

ਪਰੰਤੂ ਰਾਜ ਸਰਕਾਰ ਬਜਟ ਪ੍ਰਾਪਤ ਹੋਣ ਦੀ ਤਰੀਕ ਤੋਂ ਦੋ ਮਹੀਨਿਆਂ ਤੋਂ ਵੱਧ ਨ ਹੋਣ ਦੀ ਮੁੱਦਤ ਦੇ ਅੰਦਰ ਬਜਟ ਨੂੰ ਮਨਜੂਰੀ ਦੇਵੇਗੀ ਅਤੇ ਬੋਰਡ ਨੂੰ ਵਾਪਸ ਕਰ ਦੇਵੇਗੀ।

ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ।

4. (1) ਬੋਰਡ, ਰਾਜ ਸਰਕਾਰ ਦੀ ਅਗੇਤਰੀ ਪ੍ਰਵਾਨਗੀ ਨਾਲ, ਅਜਿਹੀਆਂ ਅਸਾਮੀਆਂ ਸਿਰਜ ਸਕਦਾ ਹੈ ਅਤੇ ਉਨ੍ਹਾਂ ਤੇ ਅਜਿਹੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਨਿਯੁਕਤ ਕਰ ਸਕਦਾ ਹੈ, ਜਿਵੇਂ ਇਹ ਆਪਣੇ ਕਾਰਜਕਾਰਾਂ ਨੂੰ ਕਾਰਜਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ, ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ ਅਜਿਹੇ ਹੋਣਗੇ ਜੋ ਇਸ ਐਕਟ ਅਧੀਨ ਬੋਰਡ ਦੁਆਰਾ ਬਣਾਏ ਗਏ ਵਿਨਿਯਮਾਂ ਦੁਆਰਾ ਵਿਨਿਯਮਤ ਕੀਤੇ ਜਾਣ।

ਫ਼ੀਸ ਲਗਾਉਣਾ ਅਤੇ ਉਗਰਾਹੁਣਾ।

5. (1) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨ ਲਈ, ਅਧਿਸੂਚਿਤ ਮੰਡੀ ਖੇਤਰ ਵਿੱਚ ਖਰੀਦੀ ਜਾਂ ਵਿਕਰੀ ਕੀਤੀ ਗਈ ਜ਼ਰਾਇਤੀ ਉਪਜ ਦੇ ਬਾਰੇ ਵਿੱਚ, ਹਰੇਕ ਇੱਕ ਸੌ ਰੁਪਏ ਲਈ ਤਿੰਨ ਰੁਪਏ ਦੀ ਦਰ ਨਾਲ, ਮੁੱਲ-ਅਨੁਸਾਰ ਆਧਾਰ ਤੇ ਇੱਕ ਫ਼ੀਸ ਲਗਾਈ ਜਾਵੇਗੀ।

(2) ਉਪ-ਧਾਰਾ (1) ਅਧੀਨ ਲਗਾਈ ਗਈ ਫ਼ੀਸ ਡੀਲਰ ਦੁਆਰਾ ਅਜਿਹੇ ਤਰੀਕੇ ਨਾਲ ਅਦਾ ਕੀਤੀ ਜਾਵੇਗੀ ਜਿਵੇਂ ਮੁਕੱਰਰ ਕੀਤਾ ਜਾਵੇ ਅਤੇ ਪੰਜਾਬ ਜ਼ਰਾਇਤੀ ਉਪਜ ਮੰਡੀ ਐਕਟ, 1961 (1961 ਦਾ ਪੰਜਾਬ ਐਕਟ 23) ਅਧੀਨ ਸਥਾਪਤ ਕੀਤੀ ਗਈ ਮੰਡੀ ਕਮੇਟੀ ਦੁਆਰਾ ਵਸੂਲ ਕੀਤੀ ਜਾਵੇਗੀ:

ਪਰੰਤੂ ਫ਼ੀਸ ਦਾ ਭਾਰ ਡੀਲਰ ਦੁਆਰਾ ਜ਼ਰਾਇਤੀ ਉਪਜ ਜਾਂ ਇਸ ਤੋਂ ਪ੍ਰੋਸੈਸ ਕੀਤੇ ਜਾਂ ਨਿਰਮਤ ਮਾਲ ਦੇ ਅਗਲੇ ਖਰੀਦਦਾਰ ਤੋਂ ਵਸੂਲਣਯੋਗ ਖਰੀਦ ਮੁੱਲ ਵਿੱਚ ਜੋੜ ਕੇ ਉਸ ਤੇ ਪਾਇਆ ਜਾਵੇਗਾ।

(2-ਓ) ਜੇ ਕੋਈ ਡੀਲਰ ਉਪ-ਧਾਰਾ (1) ਅਧੀਨ ਲਗਾਈ ਗਈ ਫ਼ੀਸ ਦੀ ਰਕਮ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਹ ਫ਼ੀਸ ਦੀ ਰਕਮ ਤੋਂ ਇਲਾਵਾ, ਕੋਤਾਹੀ ਦੀ ਤਰੀਕ ਤੋਂ ਅਠਾਰਾਂ ਪ੍ਰਤੀਸ਼ਤ ਸਲਾਨਾ ਦੀ ਦਰ ਨਾਲ ਉਸ ਵੱਲੋਂ ਦੇਣਯੋਗ ਫ਼ੀਸ ਦੀ ਰਕਮ ਤੇ ਵਿਆਜ਼ ਅਦਾ ਕਰਨ ਲਈ ਭਾਗੀ ਹੋਵੇਗਾ।

(3) ਉਪ-ਧਾਰਾ (1) ਅਧੀਨ ਲਗਾਈ ਗਈ ਫ਼ੀਸ ਦਾ ਬਕਾਇਆ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਵੇਗਾ।

ਬੋਰਡ ਦੁਆਰਾ ਉਧਾਰ ਲੈਣ ਦੀ ਸ਼ਕਤੀ।

5-ਓ. ਬੋਰਡ, ਰਾਜ ਸਰਕਾਰ ਦੀ ਅਗੇਤਰੀ ਪ੍ਰਵਾਨਗੀ ਨਾਲ, ਬੈਂਕਾਂ ਜਾਂ ਹੋਰ ਵਿੱਤੀ ਸੰਸਥਾਵਾਂ ਤੋਂ ਅਜਿਹੇ ਨਿਬੰਧਨ ਅਤੇ ਸ਼ਰਤਾਂ ਤੇ ਜਿਵੇਂ ਮੁਕੱਰਰ ਕੀਤੀਆਂ ਜਾਣ, ਕਰਜ਼ੇ ਲੈ ਸਕੇਗਾ।

ਫੰਡ ਦਾ ਗਠਨ।

6. (1) ਪੰਜਾਬ ਦਿਹਾਤੀ ਵਿਕਾਸ ਫ਼ੰਡ ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ ਜੋ ਬੋਰਡ ਵਿੱਚ ਨਿਹਿਤ ਹੋਵੇਗਾ।

(2) ਉਪ-ਧਾਰਾ (1) ਅਧੀਨ ਗਠਤ ਕੀਤਾ ਗਿਆ ਫ਼ੰਡ ਬੋਰਡ ਦੇ ਅਜਿਹੇ ਅਧਿਕਾਰੀ ਜਾਂ ਅਧਿਕਾਰੀਆਂ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ ਜੋ ਇਸ ਵੱਲੋਂ ਇਸ ਦੇ ਨਮਿੱਤ ਨਿਯੁਕਤ ਕੀਤੇ ਜਾਣ।

(3) ਪੰਜਾਬ ਜ਼ਰਾਇਤੀ ਉਪਜ ਮੰਡੀ ਐਕਟ, 1961 (1961 ਦਾ ਪੰਜਾਬ ਐਕਟ 23) ਅਧੀਨ ਸਥਾਪਤ ਕੀਤੀ ਗਈ ਮੰਡੀ ਕਮੇਟੀ ਦੁਆਰਾ ਧਾਰਾ 5 ਦੀ ਉਪ-ਧਾਰਾ (2) ਅਧੀਨ ਵਸੂਲੀ ਗਈ ਫ਼ੀਸ ਦੀ ਰਕਮ ਅਜਿਹੀ ਮੁੱਦਤ ਦੇ ਅੰਦਰ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ ਜਿਵੇਂ ਮੁਕੱਰਰ ਕੀਤੀ ਜਾਵੇ ਅਤੇ ਰਾਜ ਸਰਕਾਰ ਅਤੇ ਸਥਾਨਕ ਅਥਾਰਟੀਆਂ ਤੋਂ ਪ੍ਰਾਪਤ ਗ੍ਰਾਂਟਾਂ ਅਤੇ ਧਾਰਾ 5-ਓ ਅਧੀਨ ਬੋਰਡ ਦੁਆਰਾ ਉਧਾਰ ਲਏ ਗਏ ਕਰਜ਼ੇ ਵੀ ਇਸ ਫ਼ੰਡ ਵਿੱਚ ਜਮ੍ਹਾਂ ਕੀਤੇ ਜਾਣਗੇ।

ਫ਼ੰਡ ਦਾ ਆਡਿਟ।

6-ਓ. ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਕੰਟਰੋਲ ਦੇ ਤਾਬੇ, ਜੋ ਅੰਤਿਮ ਆਡਿਟ ਅਥਾਰਟੀ ਹੋਵੇਗਾ, ਫ਼ੰਡ ਦੇ ਲੇਖੇ, ਜਿੱਥੋਂ ਤੱਕ ਸੰਭਵ ਹੋ ਸਕੇ,

ਸਾਲ ਵਿੱਚ ਇੱਕ ਵਾਰ ਜਾਂ ਛਿਮਾਹੀ, ਜਿਵੇਂ ਸਰਕਾਰ ਨਿਰਦੇਸ਼ ਦੇਵੇ, ਨਿਰੀਖਕ, ਸਥਾਨਕ ਫ਼ੰਡ ਲੇਖੇ, ਪੰਜਾਬ ਦੇ ਹੁਕਮਾਂ ਦੁਆਰਾ ਜਾਂ ਅਧੀਨ ਆਡਿਟ ਕੀਤੇ ਜਾਣਗੇ।

ਉਹ ਪ੍ਰਯੋਜਨ ਜਿਨ੍ਹਾਂ ਲਈ ਫ਼ੰਡ ਵਰਤਿਆ ਜਾ ਸਕੇਗਾ।

7. ਫ਼ੰਡ ਨੂੰ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤਿਆ ਜਾਵੇਗਾ, ਅਰਥਾਤ:-

(i) ਮੰਡੀਆਂ ਜਾਂ ਉਪਾਪਨ ਕੇਂਦਰਾਂ ਤੱਕ ਪਹੁੰਚ ਸੜਕਾਂ ਦੀ ਉਸਾਰੀ ਜਾਂ ਮੁਰੰਮਤ ਅਤੇ ਉਨ੍ਹਾਂ ਤੇ ਸੜਕ ਲਾਈਟਾਂ ਲਈ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਢੁਆਈ ਦੇ ਸਮਰੱਥ ਬਣਾਉਂਦੀਆਂ ਹਨ;

(ii) ਨਵੀਆਂ ਮੰਡੀਆਂ ਜਾਂ ਉਪਾਪਨ ਕੇਂਦਰਾਂ ਦੇ ਨਿਰਮਾਣ ਜਾਂ ਵਿਕਾਸ ਅਤੇ ਪੁਰਾਣੀਆਂ ਜਾਂ ਕੱਚੀਆਂ ਮੰਡੀਆਂ ਜਾਂ ਉਪਾਪਨ ਕੇਂਦਰਾਂ ਦੇ ਵਿਕਾਸ ਲਈ;

(iii) ਮੰਡੀਆਂ ਜਾਂ ਉਪਾਪਨ ਕੇਂਦਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਅਤੇ ਸਫ਼ਾਈ ਵਿੱਚ ਸੁਧਾਰ ਕਰਨ ਲਈ ਵਿਵਸਥਾ ਕਰਨ ਲਈ;

(iv) ਉਪਾਪਨ ਕਿਰਿਆਵਾਂ ਵਿੱਚ ਲੱਗੇ ਹੋਏ ਕਿਸਾਨਾਂ ਅਤੇ ਮਜ਼ਦੂਰਾਂ ਲਈ ਸਾਧਨ ਸਪੰਨ ਆਰਾਮ ਘਰ ਜਾਂ ਰਾਤ ਰਹਿਣ ਲਈ ਰਹਿਣ ਬਸੇਰੇ ਜਾਂ ਸ਼ੈੱਡ ਮੁਹੱਈਆ ਕਰਵਾਉਣ ਲਈ;

(v) ਰਾਜ ਵਿੱਚ ਉਪਾਪਨ ਅਤੇ ਮੰਡੀਕਰਨ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਖਰੀਦੇ ਗਏ ਸਟਾਕਾਂ ਨੂੰ ਸਟੋਰ ਕਰਨ ਲਈ ਮੰਡੀਆਂ ਵਿੱਚ ਸਟੋਰੇਜ ਸਹੂਲਤਾਂ ਨੂੰ ਵਧਾਉਣ ਲਈ;

(vi) ਰਾਜ ਦੇ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਤਾਂ ਜੋ ਕੁਰਕੀ ਵਿਕਰੀ ਦੀ ਕਿਸੇ ਸੰਭਾਵਨਾ ਨੂੰ ਖਤਮ ਕੀਤਾ ਜਾ ਸਕੇ;

(vii) ਉਪਾਪਨ ਜਾਂ ਭੋਂ ਰਿਕਾਰਡਾਂ ਦੇ ਲਿੰਕ ਕਰਨ, ਫ਼ਸਲ ਸਰਵੇਖਣ, ਮੰਡੀਆਂ ਜਾਂ ਰਾਜ ਪੱਧਰ ਤੇ ਕਿਸਾਨਾਂ ਦੀ ਬਾਇਓ-ਪ੍ਰਮਾਣਿਕਤਾ ਨਾਲ ਸਬੰਧਤ ਹਾਰਡਵੇਅਰ ਜਾਂ ਸਾਫ਼ਟਵੇਅਰ ਦੇ ਵਿਕਾਸ ਲਈ ਜੋ ਪਾਰਦਰਸ਼ਤਾ ਵਿੱਚ ਸੁਧਾਰ ਕਰ ਸਕਦਾ ਹੈ ਅਤੇ ਉਪਾਪਨ ਸਰਗਰਮੀਆਂ ਨੂੰ ਸੁਵਿਧਾਜਨਕ ਬਣਾ ਸਕਦਾ ਹੈ;

(viii) ਮੰਡੀਆਂ ਜਾਂ ਉਪਾਪਨ ਕੇਂਦਰਾਂ ਵਿੱਚ ਕੰਪਿਊਟਰਾਈਜ਼ਡ ਇਲੈਕਟ੍ਰਾਨਿਕ ਗੱਡੀ-ਕੰਡਾ ਜਾਂ ਤੋਲਣ ਦੀਆਂ ਸਹੂਲਤਾਂ ਜਾਂ ਗੁਣਵੱਤਾ ਪਰਖ ਸਾਜ਼-ਸਮਾਨ ਜਾਂ ਛਾਣਨ ਦੀਆਂ ਸਹੂਲਤਾਂ ਦੀ ਸੰਸਥਾਪਨਾ ਜਾਂ ਖਰੀਦ ਲਈ ਅਤੇ ਇਨ੍ਹਾਂ ਦੇ ਈ-ਉਪਾਪਨ ਇਕਾਈ ਨਾਲ ਏਕੀਕਰਣ ਲਈ;

(ix) ਸਫ਼ਾਈ, ਛਾਂਟੀ, ਸੁਕਾਉਣ, ਅਨਾਜ ਦੀ ਗੁਣਵੱਤਾ ਦਾ ਵਿਸ਼ਲੇਸ਼ਣ ਕਰਨ, ਛੋਟੇ ਸ਼ਿਪਿੰਗ ਸਾਈਲੋ, ਬੋਰੀਆਂ ਭਰਨ ਅਤੇ ਸਿਲਾਈ ਕਰਨ ਦੀ ਸਹੂਲਤ ਨਾਲ ਮੰਡੀਆਂ ਦੇ ਸਵੈਚਾਲਨ ਅਤੇ ਮਸ਼ੀਨੀਕਰਨ ਲਈ; ਅਤੇ

(x) ਅਜਿਹੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜੋ ਮੰਡੀਆਂ ਜਾਂ ਉਪਾਪਨ ਕਿਰਿਆਵਾਂ ਨੂੰ ਮਜ਼ਬੂਤ ਬਣਾ ਸਕਦੇ ਹਨ।

ਫੰਡ ਦੀ ਵਰਤੋਂ।

7-ਓ. ਰਾਜ ਸਰਕਾਰ, ਉਤਪਾਦਕਾਂ ਦੇ ਹਿੱਤ ਵਿੱਚ ਅਤੇ ਫ਼ੀਸ ਅਦਾ ਕਰਨ ਵਾਲੇ ਵਿਅਕਤੀਆਂ ਦੇ ਫ਼ਾਇਦੇ ਲਈ, ਡੀਲਰ ਸਮੇਤ, ਬੋਰਡ ਨੂੰ ਫ਼ੰਡ ਦੀ ਵਰਤੋਂ ਲਈ ਨਿਰਦੇਸ਼ ਦੇ ਸਕਦੀ ਹੈ, ਜਿਵੇਂ ਉਹ ਢੁੱਕਵਾਂ ਸਮਝੇ।

ਡੰਨ।

8. ਕੋਈ ਡੀਲਰ ਜੋ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਹ ਜੁਰਮਾਨੇ ਨਾਲ ਜੋ ਪੰਜ ਸੌ ਰੁਪਏ ਤੱਕ ਵਧਾਇਆ ਜਾ ਸਕੇਗਾ, ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

9. ਇਸ ਐਕਟ, ਇਸ ਅਧੀਨ ਬਣਾਏ ਕਿਸੇ ਨਿਯਮਾਂ ਜਾਂ ਜਾਰੀ ਕੀਤੇ ਕਿਸੇ ਹੁਕਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਬੋਰਡ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

10. (1) ਰਾਜ ਸਰਕਾਰ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ,-

(ੳ) ਸਲਾਨਾ ਆਮਦਨ ਅਤੇ ਖ਼ਰਚ ਦੇ ਅਨੁਮਾਨ ਦੀ ਮਨਜ਼ੂਰੀ ਦੀ ਤਿਆਰੀ ਅਤੇ ਪੇਸ਼ਕਾਰੀ;

(ਅ) ਉਹ ਮੁੱਦਤ ਜਿਸ ਦੇ ਅੰਦਰ ਰਕਮ ਧਾਰਾ 6 ਦੀ ਉਪ-ਧਾਰਾ (3) ਅਧੀਨ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਣੀ ਹੈ; ਅਤੇ

(ੲ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕੇਗਾ,

ਲਈ ਉਪਬੰਧ ਕਰ ਸਕਣਗੇ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ

ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣ ਤੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

11. (1) ਬੋਰਡ, ਸਮੇਂ ਸਮੇਂ ਤੇ, ਸਰਕਾਰ ਦੀ ਪੂਰਵਲੀ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ, ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਸੰਗਤ ਨ ਹੋਣ ਵਾਲੇ ਵਿਨਿਯਮ ਬਣਾ ਸਕੇਗਾ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ,–

(ੳ) ਬੋਰਡ ਦੀ ਇਕੱਤਰਤਾ ਵਿੱਚ ਕਾਰੋਬਾਰ ਦਾ ਸੰਚਾਲਣ ਕਰਨ;

(ਅ) ਬੋਰਡ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਸੇਵਾ ਦੀਆਂ ਸ਼ਰਤਾਂ ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ,

ਲਈ ਉਪਬੰਧ ਕਰ ਸਕਣਗੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

12. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਹੁਕਮ ਦੁਆਰਾ ਇਸ ਐਕਟ ਦੇ ਕਿਸੇ ਉਪਬੰਧ ਦੇ ਅਨੁਕੂਲਣ ਜਾਂ ਰੂਪਭੇਦ ਸਮੇਤ ਅਜਿਹਾ ਉਪਬੰਧ ਕਰ ਸਕੇਗੀ, ਜੋ ਉਸ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਰਾਜ ਸਰਕਾਰ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਬੀ.ਬੀ.ਐੱਸ.ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

3734/6-2026/Pb. Govt. Press, S.A.S. Nagar

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 1 ਜੂਨ, 2026

ਨੰ. 45/ਭ:ਕ/2026.– ਪੰਜਾਬ ਲੋਕਪਾਲ ਐਕਟ, 1996 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 1st June, 2026

No. 45/L.C./2026.- The Translation in Punjabi of the Punjab Lokpal Act, 1996 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਲੋਕਪਾਲ ਐਕਟ, 1996

(1997 ਦਾ ਪੰਜਾਬ ਐਕਟ ਨੰ. 3)

ਪੰਜਾਬ ਲੋਕਪਾਲ ਐਕਟ, 1995 ਵਿੱਚ ਕੁਝ ਕੁ ਕਮੀਆਂ ਨੂੰ ਦੂਰ ਕਰਨ ਲਈ ਅਤੇ ਕੁਝ ਕੁ ਬਚਾਵਾਂ ਲਈ ਉਪਬੰਧ ਕਰਨ ਲਈ ਜੋ ਇਸ ਐਕਟ ਵਿੱਚ ਲੁਪਤ ਸਨ, ਜਨਤਕ ਸੇਵਕਾਂ ਵਿਰੁੱਧ ਜਾਂਚ ਦੀ ਉਚਿਤ ਛਾਣ-ਬੀਣ ਸੁਨਿਸ਼ਚਿਤ ਕਰਨ ਲਈ ਅਤੇ ਕੁਦਰਤੀ ਨਿਆਂ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਸ ਦੁਆਰਾ ਭ੍ਰਿਸ਼ਟਾਚਾਰ ਦੇ ਖ਼ਾਤਮੇ, ਕਾਨੂੰਨ ਦੇ ਸ਼ਾਸਨ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :–

ਪ੍ਰਾਰੰਭਿਕ

1. (1) ਇਸ ਐਕਟ ਨੂੰ ਪੰਜਾਬ ਲੋਕਪਾਲ ਐਕਟ, 1996 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,– ਪਰਿਭਾਸ਼ਾਵਾਂ ।

(ਓ) ਕਿਸੇ ਜਨਤਕ ਸੇਵਕ ਵਿਰੁੱਧ ਸ਼ਿਕਾਇਤ ਦੇ ਸੰਬੰਧ ਵਿੱਚ "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਰਾਜਪਾਲ;

(ਅ) "ਸ਼ਿਕਾਇਤ" ਦਾ ਮਤਲਬ ਹੈ ਇੱਕ ਸ਼ਿਕਾਇਤ ਜਿਸ ਵਿੱਚ ਕਥਤ ਕੀਤਾ ਗਿਆ ਹੋਵੇ ਕਿ ਜਨਤਕ ਸੇਵਕ ਨੇ, ਖੰਡ (ਚ) ਵਿੱਚ ਹਵਾਲਾ ਕੀਤਾ ਗਿਆ ਕੋਈ ਵੀ ਅਹੁਦਾ ਧਾਰਨ ਕਰਦੇ ਸਮੇਂ ਦੁਰਾਚਾਰ ਕੀਤਾ ਹੈ;

(ਏ) "ਵਿਧਾਇਕ ਵਿਰੁੱਧ ਸ਼ਿਕਾਇਤ" ਦਾ ਮਤਲਬ ਹੈ ਕਿਸੇ ਵਿਅਕਤੀ ਦੁਆਰਾ ਦੁਰਾਚਾਰ ਕਥਤ ਕਰਦੀ ਸ਼ਿਕਾਇਤ ਜੋ ਅਜਿਹੇ ਕਥਤ ਦੁਰਾਚਾਰ ਹੋਣ ਸਮੇਂ ਰਾਜ ਦੀ ਵਿਧਾਨ ਸਭਾ ਦਾ ਮੈਂਬਰ ਸੀ;

(ਸ) "ਭ੍ਰਿਸ਼ਟਾਚਾਰ" ਵਿੱਚ ਭਾਰਤੀ ਦੰਡ ਸੰਘਤਾ, 1860 ਦੇ ਅਧਿਆਇ IX ਅਧੀਨ ਜਾਂ ਭ੍ਰਿਸ਼ਟਾਚਾਰ ਨਿਵਾਰਣ ਐਕਟ, 1988 ਦੇ ਅਧੀਨ ਸਜ਼ਾਯੋਗ ਬਣਾਈ ਗਈ ਕੋਈ ਗੱਲ ਸ਼ਾਮਲ ਹੈ;

(ਹ) "ਰਾਜਪਾਲ" ਦਾ ਮਤਲਬ ਹੈ ਪੰਜਾਬ ਰਾਜ ਦਾ ਰਾਜਪਾਲ;

(ਕ) "ਉਚ-ਅਦਾਲਤ" ਦਾ ਮਤਲਬ ਹੈ ਪੰਜਾਬ ਅਤੇ ਹਰਿਆਣਾ ਉੱਚ-ਅਦਾਲਤ;

(ਖ) "ਲੋਕਪਾਲ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਅਧੀਨ ਉਸ ਹੈਸੀਅਤ ਵਿੱਚ ਨਿਯੁਕਤ ਕੀਤਾ ਗਿਆ ਵਿਅਕਤੀ;

(ਗ) "ਮੰਤਰੀ" ਦਾ ਮਤਲਬ ਹੈ ਪੰਜਾਬ ਰਾਜ ਲਈ ਮੰਤਰੀ ਪਰਿਸ਼ਦ ਦਾ ਕੋਈ ਮੈਂਬਰ, ਭਾਵੇਂ ਉਹ ਕਿਸੇ ਨਾਮ ਨਾਲ ਬੁਲਾਇਆ ਜਾਂਦਾ ਹੋਵੇ, ਭਾਵ ਕਿ ਮੁੱਖ ਮੰਤਰੀ, ਮੰਤਰੀ, ਰਾਜ ਮੰਤਰੀ ਅਤੇ ਉਪ-ਮੰਤਰੀ;

(ਘ) "ਦੁਰਾਚਾਰ" ਦਾ ਮਤਲਬ ਹੈ ਧਾਰਾ 3 ਵਿੱਚ ਉਲਿਖਤ ਕੀਤੀ ਗਈ ਪ੍ਰਕ੍ਰਿਤੀ ਦਾ ਦੁਰਾਚਾਰ (ਭਾਵੇਂ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਜਾਂ ਪਿੱਛੋਂ ਕੀਤਾ ਗਿਆ ਹੋਵੇ ਜਾਂ ਭਾਰਤ ਦੇ ਅੰਦਰ ਜਾਂ ਬਾਹਰ ਕੀਤਾ ਗਿਆ ਹੋਵੇ);

(ਙ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਚ) "ਜਨਤਕ ਸੇਵਕ" ਦਾ ਮਤਲਬ ਹੈ ਉਹ ਵਿਅਕਤੀ ਜੋ ਹੇਠ-ਲਿਖੇ ਅਹੁਦੇ 'ਤੇ ਹੈ ਜਾਂ ਰਿਹਾ ਹੈ :-

(i) ਮੰਤਰੀ;

(i-ਓ) ਮੁੱਖ ਸੰਸਦੀ ਸਕੱਤਰ ਅਤੇ ਸੰਸਦੀ ਸਕੱਤਰ;

(ii) ਰਾਜ ਦੀ ਵਿਧਾਨ ਸਭਾ ਦਾ ਮੈਂਬਰ;

(iii) ਰਾਜ ਜਾਂ ਕੇਂਦਰੀ ਐਕਟ ਜਾਂ ਹੋਰਵੇਂ ਦੁਆਰਾ ਜਾਂ ਅਧੀਨ ਗਠਤ ਕੀਤੇ ਬੋਰਡ ਦਾ ਚੇਅਰਮੈਨ ਅਤੇ ਮੈਂਬਰ;

(iv) ਕੰਪਨੀ ਐਕਟ, 1956 ਦੀ ਧਾਰਾ 617 ਦੇ ਅਰਥ ਅੰਦਰ ਕਿਸੇ ਸਰਕਾਰੀ ਕੰਪਨੀ ਦਾ ਚੇਅਰਮੈਨ, ਜਿਸ ਵਿੱਚ ਚੁਕਤੀ ਹਿੱਸਾ ਪੂੰਜੀ ਦਾ ਘੱਟੋ-ਘੱਟ ਇਕਵੰਜਾ ਪ੍ਰਤੀਸ਼ਤ ਰਾਜ ਸਰਕਾਰ ਕੋਲ ਹੈ ਜਾਂ ਕੋਈ

ਕੰਪਨੀ ਜੋ ਕਿਸੇ ਕੰਪਨੀ ਦੀ ਸਹਾਇਕ ਹੈ ਜਿਸ ਵਿੱਚ ਚੁਕਤੀ ਹਿੱਸਾ-ਪੂੰਜੀ ਦਾ ਘੱਟੋ-ਘੱਟ ਇਕਵੰਜਾ ਪ੍ਰਤੀਸ਼ਤ ਰਾਜ ਸਰਕਾਰ ਕੋਲ ਹੈ;

(v) ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਕਿਸੇ ਗੈਰ-ਪ੍ਰਵਿਧਾਨਕ ਕਮੇਟੀ ਦਾ ਚੇਅਰਮੈਨ ਅਤੇ ਮੈਂਬਰ;

(vi) ਪੰਜਾਬ ਪੰਚਾਇਤੀ ਰਾਜ ਐਕਟ, 1994 ਦੇ ਅਧੀਨ ਗਠਤ ਕੀਤੀ ਜ਼ਿਲ੍ਹਾ ਪਰਿਸ਼ਦ ਦਾ ਚੇਅਰਮੈਨ ਅਤੇ ਵਾਈਸ-ਚੇਅਰਮੈਨ, ਜਿਸ ਵਿੱਚ ਇਸਦੇ ਅਧਿਕਾਰੀ ਸ਼ਾਮਲ ਹਨ;

(vii) ਪੰਜਾਬ ਨਗਰਪਾਲਕਾ ਨਿਗਮ ਐਕਟ, 1976 ਦੇ ਅਧੀਨ ਗਠਤ ਕੀਤਾ ਨਗਰਪਾਲਕਾ ਨਿਗਮ ਦਾ ਮੇਅਰ, ਸੀਨੀਅਰ ਡਿਪਟੀ-ਮੇਅਰ, ਡਿਪਟੀ-ਮੇਅਰ, ਇਸ ਵਿੱਚ ਇਸਦੇ ਅਧਿਕਾਰੀ ਵੀ ਸ਼ਾਮਲ ਹਨ; ਅਤੇ

(viii) ਪੰਜਾਬ ਨਗਰਪਾਲਕਾ ਐਕਟ, 1911 ਦੇ ਅਧੀਨ ਗਠਤ ਕੀਤੀ ਨਗਰਪਾਲਕਾ ਕੌਂਸਲ ਜਾਂ ਨਗਰ ਪੰਚਾਇਤ ਦਾ ਪ੍ਰਧਾਨ ਅਤੇ ਉਪ-ਪ੍ਰਧਾਨ, ਜਿਸ ਵਿੱਚ ਇਸਦੇ ਅਧਿਕਾਰੀ ਵੀ ਸ਼ਾਮਲ ਹਨ;

(ਛ) "ਲੋਕ ਸੇਵਕ" ਦਾ ਉਹੀ ਅਰਥ ਹੋਵੇਗਾ ਜੋ ਭਾਰਤੀ ਦੰਡ ਸੰਘਤਾ, 1860 ਦੀ ਧਾਰਾ 21 ਵਿੱਚ ਦਿੱਤਾ ਗਿਆ ਹੈ; ਅਤੇ

(ਜ) "ਉਪ-ਲੋਕਪਾਲ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਦੇ ਅਧੀਨ ਉਸ ਹੈਸੀਅਤ ਵਿੱਚ ਨਿਯੁਕਤ ਕੀਤਾ ਗਿਆ ਕੋਈ ਵਿਅਕਤੀ।

3. (1) ਇੱਕ ਜਨਤਕ ਸੇਵਕ ਦੁਰਾਚਾਰ ਕਰਦਾ ਹੈ – ਸਰਕਾਰੀ ਵਿਅਕਤੀ ਦੁਆਰਾ ਦੁਰਾਚਾਰ।

(ੳ) ਜੇ ਉਹ ਅਜਿਹੇ ਜਨਤਕ ਸੇਵਕ ਦੀ ਹੈਸੀਅਤ ਵਿੱਚ ਆਪਣੇ ਕਾਜਕਾਰਾਂ ਦਾ ਨਿਪਟਾਰਾ ਕਰਨ ਵਿੱਚ ਨਿੱਜੀ ਹਿੱਤਾਂ ਦੀ ਮਨਸ਼ਾ ਜਾਂ ਹੋਰ ਅਣਉਚਿਤ ਜਾਂ ਭ੍ਰਿਸ਼ਟ ਮਨਸ਼ਾ ਤੋਂ ਪ੍ਰੇਰਿਤ ਹੁੰਦਾ ਹੈ; ਜਾਂ

(ਅ) ਜੇ ਉਹ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਜਾਂ ਨਾਵਾਜ਼ਬ ਕਸ਼ਟ ਪਹੁੰਚਾਉਣ ਲਈ ਜਨਤਕ ਸੇਵਕ ਦੀ ਹੈਸੀਅਤ ਵਿੱਚ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਾ ਹੈ ਜਾਂ ਦੁਰਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ; ਜਾਂ

(ੲ) ਜੇ ਉਹ ਸਿੱਧੇ ਤੌਰ 'ਤੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੁਆਰਾ ਅਜਿਹੇ ਜਨਤਕ ਸੇਵਕ ਦੀ ਹੈਸੀਅਤ ਵਿੱਚ ਆਪਣੇ ਅਹੁਦੇ ਦਾ

ਫ਼ਾਇਦਾ ਲੈਣ ਦੀ ਇਜਾਜ਼ਤ ਦਿੰਦਾ ਹੈ ਅਤੇ ਉਸਦੇ ਕਾਰਨ ਅਜਿਹਾ ਪਰਿਵਾਰਕ ਮੈਂਬਰ ਆਪਣੇ ਆਪ ਲਈ ਜਾਂ ਕਿਸੇ ਹੋਰ ਵਿਅਕਤੀ ਲਈ ਕੋਈ ਨਾਜਾਇਜ਼ ਲਾਭ ਜਾਂ ਪੱਖ ਪ੍ਰਾਪਤ ਕਰਦਾ ਹੈ ਜਾਂ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਜਾਂ ਨਾਵਾਜ਼ਬ ਕਸ਼ਟ ਪਹੁੰਚਾਉਂਦਾ ਹੈ; ਜਾਂ

(ਸ) ਜੇ ਉਸ ਦੁਆਰਾ ਕੀਤਾ ਗਿਆ ਕੋਈ ਕਾਰਜ ਜਾਂ ਉਕਾਈ ਭ੍ਰਿਸ਼ਟਾਚਾਰ ਹੈ; ਜਾਂ

(ਹ) ਜੇ ਉਸ ਕੋਲ ਆਪਣੀ ਆਮਦਨ ਦੇ ਜਾਣੂ ਸਰੋਤਾਂ ਤੋਂ ਅਣ-ਅਨੁਪਾਤਕ ਵੱਧ ਮਾਇਕ ਵਸੀਲੇ ਜਾਂ ਸੰਪੱਤੀ ਹੈ ਅਤੇ ਅਜਿਹੇ ਮਾਇਕ ਵਸੀਲੇ ਜਾਂ ਸੰਪੱਤੀ ਜਨਤਕ ਸੇਵਕ ਦੁਆਰਾ ਨਿੱਜੀ ਤੌਰ 'ਤੇ ਜਾਂ ਉਸਦੇ ਪਰਿਵਾਰ ਦੇ ਕਿਸੇ ਮੈਂਬਰ ਦੁਆਰਾ ਜਾਂ ਉਸਦੇ ਨਮਿੱਤ ਕੁਝ ਹੋਰ ਵਿਅਕਤੀ ਦੁਆਰਾ ਧਾਰਨ ਕੀਤੀ ਗਈ ਹੈ।

(2) ਇੱਕ ਵਿਧਾਇਕ ਦੁਰਾਚਾਰ ਕਰਦਾ ਹੈ ਜੇ ਉਹ ਖੁਦ ਲਈ ਸਿੱਧੇ ਤੌਰ ਤੇ ਜਾਂ ਅਸਿੱਧੇ ਤੌਰ ਤੇ ਕੋਈ ਮੁੱਲਵਾਨ ਚੀਜ਼ ਜਾਂ ਮਾਇਕ ਫ਼ਾਇਦਾ ਸੁਨਿਸ਼ਚਿਤ ਕਰਨ ਲਈ ਅਜਿਹੇ ਵਿਧਾਇਕ ਦੀ ਹੈਸੀਅਤ ਵਿੱਚ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਾ ਹੈ ਜਾਂ ਦੁਰਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਜਾਣਦੇ ਹੋਏ ਦੁਰਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਹੈ।

(3) ਇੱਕ ਜਨਤਕ ਸੇਵਕ ਜੋ ਕਿਸੇ ਹੋਰ ਜਨਤਕ ਸੇਵਕ ਦੁਆਰਾ ਉਪ-ਧਾਰਾ (1) ਜਾਂ, ਜਿਹੀ ਕਿ ਸੂਰਤ ਹੋਵੇ, ਉਪ-ਧਾਰਾ (2) ਵਿੱਚ ਉਲਿਖਤ ਪ੍ਰਕ੍ਰਿਤੀ ਦਾ ਦੁਰਾਚਾਰ ਕਰਨ ਦੀ ਸ਼ਹਿ ਦਿੰਦਾ ਹੈ ਜਾਂ ਲੁਕਾਉਂਦਾ ਹੈ ਜਾਂ ਫੜੇ ਜਾਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਵੀ ਦੁਰਾਚਾਰ ਕਰਦਾ ਹੈ।

ਵਿਆਖਿਆ.– ਇਸ ਧਾਰਾ ਦੇ ਪ੍ਰਯੋਜਨ ਲਈ –

(ੳ) ਇੱਕ ਜਨਤਕ ਸੇਵਕ ਦੇ ਸੰਬੰਧ ਵਿੱਚ "ਸਹਿਯੋਗੀ" ਵਿੱਚ ਕੋਈ ਵੀ ਵਿਅਕਤੀ ਸ਼ਾਮਲ ਹੈ ਜਿਸ ਵਿੱਚ ਅਜਿਹਾ ਜਨਤਕ ਸੇਵਕ ਹਿੱਤ-ਬੱਧ ਹੈ;

(ਅ) "ਵਿਧਾਇਕ" ਦਾ ਮਤਲਬ ਹੈ ਉਹ ਵਿਅਕਤੀ ਜੋ ਰਾਜ ਦੀ ਵਿਧਾਨ ਸਭਾ ਦਾ ਮੈਂਬਰ ਹੈ;

(ੲ) ਇੱਕ ਜਨਤਕ ਸੇਵਕ ਦੇ ਸੰਬੰਧ ਵਿੱਚ "ਪਰਿਵਾਰ ਦੇ ਮੈਂਬਰਾਂ" ਵਿੱਚ ਹੇਠ-ਲਿਖੇ ਸ਼ਾਮਲ ਹਨ –

(i) ਜਨਤਕ ਸੇਵਕ ਦੀ ਪਤਨੀ ਜਾਂ ਪਤੀ, ਜਿਹੀ ਕਿ ਸੂਰਤ ਹੋਵੇ, ਭਾਵੇਂ ਉਹ ਜਨਤਕ ਸੇਵਕ ਦੇ ਨਾਲ ਰਹਿ ਰਿਹਾ ਹੋਵੇ ਜਾਂ ਨਹੀਂ, ਪਰ ਇਸ ਵਿੱਚ ਸ਼ਕਤਵਾਨ ਅਦਾਲਤ ਦੀ ਡਿਗਰੀ ਜਾਂ ਹੁਕਮ ਦੁਆਰਾ ਜਨਤਕ ਸੇਵਕ ਤੋਂ ਅਲਹਿਦਾ ਹੋ ਗਈ ਪਤਨੀ ਜਾਂ ਪਤੀ, ਜਿਹੀ ਕਿ ਸੂਰਤ ਹੋਵੇ, ਸ਼ਾਮਲ ਨਹੀਂ ਹੈ;

(ii) ਜਨਤਕ ਸੇਵਕ ਦਾ ਪੁੱਤਰ ਜਾਂ ਧੀ ਜਾਂ ਮਤਰੇਆ ਪੁੱਤਰ ਜਾਂ ਮਤਰੇਈ ਧੀ ਅਤੇ ਜੋ ਪੂਰਨ ਤੌਰ 'ਤੇ ਉਸ 'ਤੇ ਨਿਰਭਰ ਹੋਵੇ ਪਰ ਇਸ ਵਿੱਚ ਅਜਿਹਾ ਬੱਚਾ ਜਾਂ ਮਤਰੇਆ ਬੱਚਾ ਸ਼ਾਮਲ ਨਹੀਂ ਹੈ ਜੋ ਹੁਣ ਕਿਸੇ ਤਰ੍ਹਾਂ ਜਨਤਕ ਸੇਵਕ 'ਤੇ ਨਿਰਭਰ ਨਹੀਂ ਹੈ ਜਾਂ ਜਿਸਦੀ ਕਸਟੱਡੀ ਤੋਂ ਜਨਤਕ ਸੇਵਕ ਨੂੰ ਕਿਸੇ ਕਾਨੂੰਨ ਦੁਆਰਾ ਜਾਂ ਅਧੀਨ ਵਾਂਝਾ ਕਰ ਦਿੱਤਾ ਗਿਆ ਹੈ;

(iii) ਕੋਈ ਹੋਰ ਵਿਅਕਤੀ ਜੋ ਜਨਤਕ ਸੇਵਕ ਨਾਲ ਜਾਂ ਜਨਤਕ ਸੇਵਕ ਦੀ ਪਤਨੀ ਜਾਂ ਪਤੀ ਨਾਲ ਖ਼ੂਨ ਦੇ ਰਿਸ਼ਤੇ ਜਾਂ ਵਿਆਹ ਦੁਆਰਾ ਸੰਬੰਧਤ ਹੈ ਅਤੇ ਪੂਰਨ ਤੌਰ 'ਤੇ ਜਨਤਕ ਸੇਵਕ 'ਤੇ ਨਿਰਭਰ ਹੈ।

ਪੁੱਛ-ਗਿੱਛ ਲਈ ਮਸ਼ੀਨਰੀ

ਲੋਕਪਾਲ ਅਤੇ ਉਪ-ਲੋਕਪਾਲ ਦੀ ਨਿਯੁਕਤੀ।

4. (1) ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਜਾਂਚਾਂ ਕਰਨ ਦੇ ਪ੍ਰਯੋਜਨ ਲਈ, ਰਾਜਪਾਲ, ਆਪਣੇ ਦਸਖ਼ਤ ਅਤੇ ਮੁਹਰ ਨਾਲ ਵਾਰੰਟ ਦੁਆਰਾ, ਲੋਕਪਾਲ ਵਜੋਂ ਜਾਣੇ ਜਾਂਦੇ ਇੱਕ ਵਿਅਕਤੀ ਨੂੰ ਅਤੇ ਉਪ-ਲੋਕਪਾਲ ਵਜੋਂ ਜਾਣੇ ਜਾਂਦੇ ਇੱਕ ਹੋਰ ਵਿਅਕਤੀ ਨੂੰ ਨਿਯੁਕਤ ਕਰੇਗਾ:

ਪਰੰਤੂ ਲੋਕਪਾਲ ਨੂੰ ਮੁੱਖ ਮੰਤਰੀ ਦੀ ਸਲਾਹ ਤੇ ਨਿਯੁਕਤ ਕੀਤਾ ਜਾਵੇਗਾ ਜੋ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਮਸ਼ਵਰਾ ਕਰੇਗਾ, ਅਤੇ ਅਜਿਹੇ ਵਿਅਕਤੀ ਦੀ ਨਿਯੁਕਤੀ ਦੇ ਮਾਮਲੇ ਵਿੱਚ ਜੋ ਸਰਵਉੱਚ ਅਦਾਲਤ ਦਾ ਜੱਜ ਜਾਂ ਕਿਸੇ ਹਾਈ ਕੋਰਟ ਦਾ ਚੀਫ਼ ਜਸਟਿਸ ਹੈ ਜਾਂ ਰਿਹਾ ਹੈ, ਭਾਰਤ ਦੇ ਮੁੱਖ ਜੱਜ ਨਾਲ ਮਸ਼ਵਰਾ ਕਰੇਗਾ, ਅਤੇ ਅਜਿਹੇ ਵਿਅਕਤੀ ਦੀ ਨਿਯੁਕਤੀ ਦੇ ਮਾਮਲੇ ਵਿੱਚ ਜੋ ਹਾਈ ਕੋਰਟ ਦਾ ਜੱਜ ਹੈ ਜਾਂ ਰਿਹਾ ਹੈ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨਾਲ ਮਸ਼ਵਰਾ ਕਰੇਗਾ:

ਪਰੰਤੂ ਇਹ ਹੋਰ ਕਿ ਉਪ-ਲੋਕਪਾਲ ਮੁੱਖ-ਮੰਤਰੀ ਦੀ ਸਲਾਹ 'ਤੇ ਲੋਕਪਾਲ ਨਾਲ ਮਸ਼ਵਰਾ ਕਰਕੇ ਨਿਯੁਕਤ ਕੀਤਾ ਜਾਵੇਗਾ।

(2) ਲੋਕਪਾਲ ਅਤੇ ਉਪ-ਲੋਕਪਾਲ ਵਜੋਂ ਨਿਯੁਕਤ ਕੀਤੇ ਗਏ ਵਿਅਕਤੀ, ਆਪਣੇ ਅਹੁਦੇ ਸੰਭਾਲਣ ਤੋਂ ਪਹਿਲਾਂ, ਰਾਜਪਾਲ ਦੇ, ਜਾਂ ਉਸ ਦੁਆਰਾ ਉਸ ਨਮਿੱਤ ਨਿਯੁਕਤ ਕਿਸੇ ਵਿਅਕਤੀ ਦੇ ਅੱਗੇ, ਇਸ ਐਕਟ ਨਾਲ ਨੱਥੀ ਅਨੁਸੂਚੀ ਵਿੱਚ ਇਸ ਪ੍ਰਯੋਜਨ ਲਈ ਦਿੱਤੇ ਫ਼ਾਰਮ ਦੇ ਅਨੁਸਾਰ ਸਹੁੰ ਚੁੱਕਣਗੇ ਜਾਂ ਪ੍ਰਤਿੱਗਿਆ ਕਰਨਗੇ ਅਤੇ ਉਸ ਤੇ ਸਹੀ ਪਾਉਣਗੇ।

(3) ਕੋਈ ਵਿਅਕਤੀ ਨਿਯੁਕਤੀ ਲਈ,–

(i) ਲੋਕਪਾਲ ਵਜੋਂ, ਜੇਕਰ ਉਹ ਭਾਰਤ ਵਿੱਚ ਸਰਵਉੱਚ ਅਦਾਲਤ ਦਾ ਜੱਜ ਜਾਂ ਹਾਈਕੋਰਟ ਦਾ ਚੀਫ ਜਸਟਿਸ ਜਾਂ ਜੱਜ ਨ ਹੋਵੇ ਜਾਂ ਨ ਰਿਹਾ ਹੋਵੇ; ਅਤੇ

(ii) ਉਪ-ਲੋਕਪਾਲ ਵਜੋਂ, ਜੇਕਰ ਉਹ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਾਂ ਪੰਜਾਬ ਸਰਕਾਰ ਦਾ ਸਕੱਤਰ ਹੈ ਜਾਂ ਨ ਰਿਹਾ ਹੋਵੇ,

ਕਾਬਲ ਨਹੀਂ ਹੋਵੇਗਾ।

(4) ਲੋਕਪਾਲ ਦੀ ਸੰਸਥਾ ਦੇ ਮਾਮਲਿਆਂ ਦੀ ਆਮ ਨਿਗਰਾਨੀ, ਨਿਰਦੇਸ਼ ਅਤੇ ਪ੍ਰਬੰਧ ਲੋਕਪਾਲ ਵਿੱਚ ਨਿਹਿਤ ਹੋਵੇਗਾ, ਜਿਸਦੀ ਸਹਾਇਤਾ ਉਪ-ਲੋਕਪਾਲ ਦੁਆਰਾ ਕੀਤੀ ਜਾਵੇਗੀ ਅਤੇ ਉਹ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰ ਸਕੇਗਾ ਅਤੇ ਉਹ ਸਾਰੇ ਕੰਮ ਅਤੇ ਗੱਲਾਂ ਕਰ ਸਕੇਗਾ ਜੋ ਲੋਕਪਾਲ ਦੁਆਰਾ ਵਰਤੀਆਂ ਜਾਂ ਕੀਤੇ ਜਾ ਸਕਦੇ ਹਨ ਅਤੇ ਇਸ ਐਕਟ ਦੇ ਅਧੀਨ ਕਿਸੇ ਹੋਰ ਅਥਾਰਟੀ ਦੇ ਨਿਰਦੇਸ਼ਾਂ ਦੇ ਤਾਬੇ ਹੋਏ ਬਿਨਾਂ ਖ਼ੁਦਮੁਖਤਿਆਰੀ ਨਾਲ ਕਰ ਸਕਦਾ ਹੈ।

ਲੋਕਪਾਲ ਅਤੇ ਉਪ-ਲੋਕਪਾਲ ਦਾ ਹੋਰ ਅਹੁਦੇ ਧਾਰਨ ਕਰਨ ਦੇ ਅਪਾਤਰ ਹੋਣਾ।

5. ਲੋਕਪਾਲ ਅਤੇ ਉਪ-ਲੋਕਪਾਲ,–

(i) ਸੰਸਦ ਦਾ ਮੈਂਬਰ ਜਾਂ ਕਿਸੇ ਵੀ ਰਾਜ ਵਿਧਾਨ ਮੰਡਲ ਦਾ ਮੈਂਬਰ ਨਹੀਂ ਹੋਵੇਗਾ;

(ii) ਲੋਕਪਾਲ ਜਾਂ ਉਪ-ਲੋਕਪਾਲ ਵਜੋਂ ਆਪਣੇ ਅਹੁਦੇ ਤੋਂ ਇਲਾਵਾ ਕੋਈ ਵੀ ਹੋਰ ਟ੍ਰਸਟ ਜਾਂ ਲਾਭ ਦਾ ਅਹੁਦਾ ਨਹੀਂ ਸੰਭਾਲੇਗਾ;

(iii) ਕਿਸੇ ਰਾਜਨੀਤਿਕ ਧਿਰ ਨਾਲ ਸਬੰਧਤ ਨਹੀਂ ਹੋਵੇਗਾ;

(iv) ਕੋਈ ਕਾਰੋਬਾਰ ਨਹੀਂ ਕਰੇਗਾ; ਜਾਂ

(v) ਕੋਈ ਪੇਸ਼ਾ ਨਹੀਂ ਕਰੇਗਾ,

ਅਤੇ ਇਸ ਅਨੁਸਾਰ ਲੋਕਪਾਲ ਜਾਂ ਉਪ-ਲੋਕਪਾਲ ਵਜੋਂ ਨਿਯੁਕਤ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ,–

(ੳ) ਜੇ ਉਹ ਸੰਸਦ ਦਾ ਜਾਂ ਕਿਸੇ ਵੀ ਰਾਜ ਦੇ ਵਿਧਾਨ ਮੰਡਲ ਦਾ ਮੈਂਬਰ ਹੈ, ਤਾਂ ਅਜਿਹੀ ਸਦੱਸਤਾ ਤੋਂ ਅਸਤੀਫਾ ਦੇਵੇਗਾ; ਜਾਂ

(ਅ) ਜੇ ਉਹ ਟ੍ਰਸਟ ਜਾਂ ਲਾਭ ਦਾ ਕੋਈ ਅਹੁਦਾ ਸੰਭਾਲਦਾ ਹੈ, ਤਾਂ ਅਜਿਹੇ ਅਹੁਦੇ ਤੋਂ ਅਸਤੀਫ਼ਾ ਦੇਵੇਗਾ; ਜਾਂ

(ੲ) ਜੇ ਉਹ ਕਿਸੇ ਰਾਜਨੀਤਿਕ ਧਿਰ ਨਾਲ ਜੁੜਿਆ ਹੋਇਆ ਹੈ, ਤਾਂ ਉਸ ਨਾਲ ਆਪਣਾ ਸਬੰਧ ਤੋੜ ਲਵੇਗਾ; ਜਾਂ

(ਸ) ਜੇ ਉਹ ਕੋਈ ਕਾਰੋਬਾਰ ਕਰ ਰਿਹਾ ਹੈ, ਤਾਂ ਅਜਿਹੇ ਕਾਰੋਬਾਰ ਦੇ ਸੰਚਾਲਨ ਅਤੇ ਪ੍ਰਬੰਧਨ ਨਾਲੋਂ ਆਪਣਾ ਸੰਬੰਧ (ਖ਼ੁਦ ਨੂੰ ਮਲਕੀਅਤ ਤੋਂ ਵੱਖ ਕੀਤੇ ਬਿਨਾਂ) ਤੋੜ ਲਵੇਗਾ;

(ਹ) ਜੇ ਉਹ ਕੋਈ ਪੇਸ਼ਾ ਕਰ ਰਿਹਾ ਹੈ, ਤਾਂ ਉਹ ਅਜਿਹਾ ਪੇਸ਼ਾ ਕਰਨਾ ਬੰਦ ਕਰ ਦੇਵੇਗਾ।

ਲੋਕਪਾਲ ਜਾਂ ਉਪ-ਲੋਕਪਾਲ ਦੇ ਅਹੁਦੇ ਦੀ ਅਉਧ ਅਤੇ ਸੇਵਾ ਦੀਆਂ ਹੋਰ ਸ਼ਰਤਾਂ।

6. (1) ਲੋਕਪਾਲ ਜਾਂ ਉਪ-ਲੋਕਪਾਲ ਵਜੋਂ ਨਿਯੁਕਤ ਵਿਅਕਤੀ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਛੇ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ:

ਪਰੰਤੂ –

(ੳ) ਲੋਕਪਾਲ ਜਾਂ ਉਪ-ਲੋਕਪਾਲ, ਰਾਜਪਾਲ ਨੂੰ ਸੰਬੋਧਤ ਆਪਣੇ ਦਸਖ਼ਤੀ ਲੇਖ ਦੁਆਰਾ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ;

(ਅ) ਲੋਕਪਾਲ ਜਾਂ ਉਪ-ਲੋਕਪਾਲ ਨੂੰ ਇਸ ਐਕਟ ਦੀ ਧਾਰਾ 7 ਵਿੱਚ ਉਪਬੰਧਤ ਕੀਤੇ ਤਰੀਕੇ ਅਨੁਸਾਰ ਉਸਦੇ ਅਹੁਦੇ ਤੋਂ ਹਟਾਇਆ ਜਾ ਸਕੇਗਾ।

(2) ਅਹੁਦੇ ਤੇ ਨ ਰਹਿਣ ਤੇ, ਲੋਕਪਾਲ ਜਾਂ ਉਪ-ਲੋਕਪਾਲ ਹੋਰ ਰੁਜ਼ਗਾਰ ਲਈ ਭਾਵੇਂ ਉਹ ਲੋਕਪਾਲ ਜਾਂ ਉਪ-ਲੋਕਪਾਲ ਵਜੋਂ ਹੋਵੇ ਜਾਂ ਰਾਜ ਸਰਕਾਰ ਦੇ ਅਧੀਨ ਕਿਸੇ ਹੋਰ ਹੈਸੀਅਤ ਵਿੱਚ ਹੋਵੇ, ਜਾਂ ਰਾਜ ਸਰਕਾਰ ਦੀ ਕਿਸੇ ਸਥਾਨਕ ਅਥਾਰਟੀ, ਨਿਗਮ, ਸਰਕਾਰੀ ਕੰਪਨੀ ਅਧੀਨ ਜਾਂ ਵਿੱਚ ਕਿਸੇ ਵੀ ਰੁਜ਼ਗਾਰ ਜਾਂ ਅਹੁਦੇ ਲਈ ਅਪਾਤਰ ਹੋਵੇਗਾ, ਜਿਵੇਂ ਕਿ ਇਸ ਐਕਟ ਦੀ ਧਾਰਾ 2 ਦੇ ਖੰਡ (ਚ) ਦੇ ਉਪ-ਖੰਡ (iv) ਵਿੱਚ ਹਵਾਲਾ ਕੀਤਾ ਗਿਆ ਹੈ।

(3) ਲੋਕਪਾਲ ਅਤੇ ਉਪ-ਲੋਕਪਾਲ ਨੂੰ ਵਾਸਤਵਿਕ ਸੇਵਾ 'ਤੇ ਬਿਤਾਏ ਸਮੇਂ ਦੇ ਬਾਰੇ ਵਿੱਚ, ਕ੍ਰਮਵਾਰ ਹੇਠ-ਲਿਖੇ ਅਨੁਸਾਰ ਤਨਖ਼ਾਹ ਅਤੇ ਭੱਤੇ ਅਦਾ ਕੀਤੇ ਜਾਣਗੇ,–

(i) ਜੋ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਰਤਮਾਨ ਚੀਫ਼ ਜਸਟਿਸ ਦੁਆਰਾ ਪ੍ਰਾਪਤ ਕੀਤੇ ਜਾਂਦੇ ਹਨ; ਅਤੇ

(ii) ਜੋ ਵਰਤਮਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਾਂ ਪੰਜਾਬ ਸਰਕਾਰ ਦੇ ਸਕੱਤਰ ਦੁਆਰਾ ਪ੍ਰਾਪਤ ਕੀਤੇ ਜਾਂਦੇ ਹਨ:

ਪਰੰਤੂ ਜੇ ਲੋਕਪਾਲ ਜਾਂ ਉਪ-ਲੋਕਪਾਲ ਆਪਣੀ ਨਿਯੁਕਤੀ ਦੇ ਸਮੇਂ ਭਾਰਤ ਸਰਕਾਰ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਵੀ ਪਿਛਲੀ ਸੇਵਾ ਦੇ ਬਾਰੇ ਵਿੱਚ, (ਨਿਰਯੋਗਤਾ ਜਾਂ ਜਖ਼ਮ ਪੈਨਸ਼ਨ ਤੋਂ ਇਲਾਵਾ) ਕੋਈ ਪੈਨਸ਼ਨ ਪ੍ਰਾਪਤ ਕਰ ਰਿਹਾ ਹੈ, ਤਾਂ ਲੋਕਪਾਲ ਜਾਂ ਉਪ-ਲੋਕਪਾਲ ਵਜੋਂ ਸੇਵਾ ਦੇ ਬਾਰੇ ਵਿੱਚ ਉਸਦੀ ਤਨਖ਼ਾਹ ਵਿੱਚੋਂ,–

(ੳ) ਉਸ ਪੈਨਸ਼ਨ ਦੀ ਰਕਮ ਨੂੰ;

(ਅ) ਜੇ ਉਸਨੇ ਅਜਿਹੀ ਨਿਯੁਕਤੀ ਤੋਂ ਪਹਿਲਾਂ, ਅਜਿਹੀ ਪਿਛਲੀ ਸੇਵਾ ਦੇ ਬਾਰੇ ਵਿੱਚ ਉਸਨੂੰ ਬਣਦੀ ਪੈਨਸ਼ਨ ਦੇ ਇੱਕ ਹਿੱਸੇ ਦੇ ਬਦਲੇ ਉਸਦਾ ਪਰਿਵਰਤਿਤ ਮੁੱਲ ਪ੍ਰਾਪਤ ਕਰ ਲਿਆ ਹੈ, ਤਾਂ ਪੈਨਸ਼ਨ ਦੇ ਉਸ ਹਿੱਸੇ ਦੀ ਰਕਮ ਨੂੰ; ਅਤੇ

(ੲ) ਜੇ ਉਸਨੇ, ਅਜਿਹੀ ਨਿਯੁਕਤੀ ਤੋਂ ਪਹਿਲਾਂ, ਅਜਿਹੀ ਪਿਛਲੀ ਸੇਵਾ ਦੇ ਬਾਰੇ ਵਿੱਚ ਨਿਵਿਰਤੀ ਗ੍ਰੈਚੁਟੀ ਪ੍ਰਾਪਤ ਕੀਤੀ ਹੈ ਤਾਂ ਉਸ ਗ੍ਰੈਚੁਟੀ ਦੇ ਬਰਾਬਰ ਦੀ ਪੈਨਸ਼ਨ ਨੂੰ,

ਘਟਾ ਦਿੱਤਾ ਜਾਵੇਗਾ।

(4) ਲੋਕਪਾਲ ਜਾਂ ਉਪ-ਲੋਕਪਾਲ ਕਿਰਾਏ ਦੀ ਅਦਾਇਗੀ ਕੀਤੇ ਬਿਨਾਂ ਸਰਕਾਰੀ ਰਿਹਾਇਸ਼ ਦੀ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ।

(5) ਲੋਕਪਾਲ ਜਾਂ ਉਪ-ਲੋਕਪਾਲ ਨੂੰ ਅਦਾਇਗੀਯੋਗ ਭੱਤੇ ਅਤੇ ਪੈਨਸ਼ਨ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਰਾਜਪਾਲ ਦੁਆਰਾ,

(i) ਲੋਕਪਾਲ ਦੇ ਮਾਮਲੇ ਵਿੱਚ, ਪੰਜਾਬ ਅਤੇ ਹਰਿਆਣਾ ਉੱਚ-ਅਦਾਲਤ ਦੇ ਚੀਫ਼ ਜਸਟਿਸ ਨੂੰ; ਅਤੇ

(ii) ਉਪ ਲੋਕਪਾਲ ਦੇ ਮਾਮਲੇ ਵਿੱਚ, ਜ਼ਿਲ੍ਹਾ ਅਤੇ ਸੈਸ਼ਨ ਜੱਜ ਜਾਂ ਸਕੱਤਰ, ਪੰਜਾਬ ਸਰਕਾਰ ਨੂੰ ਅਦਾਇਗੀਯੋਗ ਭੱਤੇ ਅਤੇ ਪੈਨਸ਼ਨ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਧਾਰਤ ਕੀਤੀਆਂ ਜਾਣ:

ਪਰੰਤੂ ਨਿਯੁਕਤੀਆਂ ਪਿੱਛੋਂ ਅਦਾਇਗੀਯੋਗ ਭੱਤੇ ਅਤੇ ਪੈਨਸ਼ਨ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਲਾਭ ਲਈ ਅਦਲ-ਬਦਲ ਨਹੀਂ ਕੀਤੀਆਂ ਜਾਣਗੀਆਂ।

ਲੋਕਪਾਲ ਜਾਂ ਉਪ-ਲੋਕਪਾਲ ਨੂੰ ਹਟਾਉਣਾ।

7. (1) ਭਾਰਤ ਦੇ ਸੰਵਿਧਾਨ ਦੇ ਅਨੁਛੇਦ 311 ਦੇ ਉਪਬੰਧਾਂ ਦੇ ਤਾਬੇ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਨੂੰ ਰਾਜਪਾਲ ਦੁਆਰਾ ਦੁਰਾਚਾਰ ਜਾਂ ਅਸਮਰੱਥਾ ਦੇ ਆਧਾਰ ਤੇ ਅਤੇ ਕਿਸੇ ਹੋਰ ਆਧਾਰ ਤੇ ਨਹੀਂ, ਉਸਦੇ ਅਹੁਦੇ ਤੋਂ ਹਟਾਇਆ ਜਾ ਸਕੇਗਾ:

ਪਰੰਤੂ ਅਜਿਹੇ ਹਟਾਏ ਜਾਣ ਤੋਂ ਪਹਿਲਾਂ ਉਕਤ ਅਨੁਛੇਦ ਦੇ ਖੰਡ (2) ਅਧੀਨ ਕੀਤੀ ਜਾਣ ਵਾਲੀ ਲੋੜੀਂਦੀ ਜਾਂਚ ਕੇਵਲ ਰਾਜਪਾਲ ਦੁਆਰਾ ਨਿਯੁਕਤ ਵਿਅਕਤੀ ਦੁਆਰਾ ਹੀ ਕੀਤੀ ਜਾਵੇਗੀ, ਜੋ ਕਿ ਸਰਵਉਚ-ਅਦਾਲਤ ਦਾ ਜੱਜ ਜਾਂ ਹਾਈਕੋਰਟ ਦਾ ਚੀਫ਼ ਜਸਟਿਸ ਜਾਂ ਜੱਜ ਹੈ ਜਾਂ ਰਿਹਾ ਹੈ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜਪਾਲ ਲੋਕਪਾਲ ਜਾਂ ਉਪ-ਲੋਕਪਾਲ ਨੂੰ, ਜਿਹੀ ਕਿ ਸੂਰਤ ਹੋਵੇ, ਉਦੋਂ ਤੱਕ ਨਹੀਂ ਹਟਾਏਗਾ ਜੇਕਰ ਰਾਜ ਵਿਧਾਨ ਮੰਡਲ ਦੁਆਰਾ ਸਦਨ ਦੇ ਕੁੱਲ ਮੈਂਬਰਾਂ ਦੀ ਗਿਣਤੀ ਦੀ ਬਹੁ-ਸੰਮਤੀ ਦੁਆਰਾ ਅਤੇ ਉਸਦੇ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟੋ-ਘੱਟ ਦੋ ਤਿਹਾਈ ਬਹੁਮਤ ਦੁਆਰਾ ਸਮਰਥਤ ਇੱਕ ਅਰਜ਼ਦਾਸ਼ਤ, ਅਜਿਹੇ ਹਟਾਉਣ ਲਈ ਉਸੇ ਇਜਲਾਸ ਵਿੱਚ ਰਾਜਪਾਲ ਨੂੰ ਪੇਸ਼ ਨ ਕੀਤਾ ਗਿਆ ਹੋਵੇ।

ਲੋਕਪਾਲ ਦਾ ਅਮਲਾ।

8. (1) ਸਰਕਾਰ, ਲੋਕਪਾਲ ਨਾਲ ਮਸ਼ਵਰਾ ਕਰਕੇ, ਲੋਕਪਾਲ ਦੇ ਨਾਲ-ਨਾਲ ਉਪ-ਲੋਕਪਾਲ ਨਾਲ, ਇਸ ਐਕਟ ਅਧੀਨ ਉਨ੍ਹਾਂ ਦੇ ਕਾਜਕਾਰਾਂ ਦੇ ਨਿਪਟਾਰੇ (ਸ਼ਿਕਾਇਤਾਂ ਦੇ ਬਾਰੇ ਵਿੱਚ ਤਸਦੀਕ ਅਤੇ ਪੁੱਛ-ਗਿੱਛ ਸਮੇਤ) ਵਿੱਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਕੱਤਰ ਅਤੇ ਅਜਿਹੇ ਹੋਰ ਅਧਿਕਾਰੀ ਅਤੇ ਕਰਮਚਾਰੀ ਨਿਯੁਕਤ ਕਰੇਗੀ, ਜੋ ਮੁਕੱਰਰ ਕੀਤੇ ਜਾਣ।

(2) ਉਪ-ਧਾਰਾ (1) ਦੇ ਉਪਬੰਧਾਂ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕਿਸੇ ਸ਼ਿਕਾਇਤਾਂ ਜਾਂ ਕਿਸੇ ਸ਼ਿਕਾਇਤਾਂ ਦੀ ਸ਼੍ਰੇਣੀ ਨਾਲ ਨਜਿੱਠਣ ਦੇ ਪ੍ਰਯੋਜਨ ਲਈ, ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਕਿਸੇ ਵੀ ਜਾਂਚ ਏਜੰਸੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀਆਂ ਦੀਆਂ ਸੇਵਾਵਾਂ, ਉਸ ਸਰਕਾਰ ਦੀ ਸਹਿਮਤੀ ਨਾਲ ਪ੍ਰਾਪਤ ਕਰ ਸਕੇਗਾ।

(3) ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਅਤੇ ਉਪ-ਧਾਰਾ (2) ਵਿੱਚ ਹਵਾਲਾ ਕੀਤੇ ਗਏ ਅਧਿਕਾਰੀਆਂ, ਕਰਮਚਾਰੀਆਂ, ਏਜੰਸੀਆਂ ਅਤੇ ਵਿਅਕਤੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ (ਅਜਿਹੀਆਂ ਵਿਸ਼ੇਸ਼ ਸ਼ਰਤਾਂ ਸਮੇਤ ਜੋ ਉਹਨਾਂ ਨੂੰ ਉਨ੍ਹਾਂ ਦੇ ਕਾਜਕਾਰਾਂ ਦੇ ਨਿਰਵਿਘਨ ਨਿਪਟਾਰੇ ਵਿੱਚ ਬਿਨਾਂ ਕਿਸੇ ਡਰ ਦੇ ਕਾਰਜ

ਕਰਨ ਦੇ ਸਮਰੱਥ ਬਣਾਉਣ ਲਈ ਜ਼ਰੂਰੀ ਸਮਝੀਆਂ ਜਾਣ) ਅਜਿਹੀਆਂ ਹੋਣਗੀਆਂ ਜੋ ਸਰਕਾਰ ਦੁਆਰਾ ਲੋਕਪਾਲ ਨਾਲ ਮਸ਼ਵਰਾ ਕਰਕੇ ਮੁਕੱਰਰ ਕੀਤੀਆਂ ਜਾਣ।

ਪੁੱਛ-ਗਿੱਛਾਂ ਦੇ ਬਾਰੇ ਵਿੱਚ ਅਧਿਕਾਰਤਾ ਅਤੇ ਜ਼ਾਬਤਾ

ਲੋਕਪਾਲ ਜਾਂ ਉਪ-ਲੋਕਪਾਲ ਦੀ ਅਧਿਕਾਰਤਾ ।

9. (1) ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਅਧੀਨ ਕੀਤੀ ਸ਼ਿਕਾਇਤ ਵਿੱਚ ਕਿਸੇ ਜਨਤਕ ਸੇਵਕ ਵਿਰੁੱਧ ਲਗਾਏ ਗਏ ਦੁਰਾਚਾਰ ਦੇ ਦੂਸ਼ਣ ਵਿੱਚ ਪਲਚਿਤ ਜਾਂ ਉਸ ਤੋਂ ਪੈਦਾ ਹੋਣ ਵਾਲੇ ਜਾਂ ਉਸ ਨਾਲ ਮੁਤੱਲਕ ਕਿਸੇ ਮਾਮਲੇ ਦੀ ਜਾਂਚ ਕਰ ਸਕੇਗਾ।

(2) ਦੂਸ਼ਣ ਸਾਬਤ ਕਰਨ ਦਾ ਭਾਰ ਸ਼ਿਕਾਇਤਕਰਤਾ ਤੇ ਹੋਵੇਗਾ, ਪਰ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਸਬੂਤ ਇਕੱਠੇ ਕਰ ਸਕੇਗਾ ਅਤੇ ਉਸ ਵਿਅਕਤੀ ਨੂੰ ਸ਼ਹਾਦਤ ਪੇਸ਼ ਕਰਨ ਲਈ ਬੁਲਾ ਸਕੇਗਾ ਜਿਸ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ।

(3) * * * * *

ਅਧਿਕਾਰਤਾ ।

10. (1) ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕਿਸੇ ਜਨਤਕ ਸੇਵਕ ਵਿਰੁੱਧ ਦੁਰਾਚਾਰ ਦੇ ਦੂਸ਼ਣ ਦੀ ਜਾਂਚ ਉਸ ਦੁਰਾਚਾਰ ਦੇ ਵਾਪਰਨ ਦੀ ਤਰੀਕ ਤੋਂ ਪੰਜ ਸਾਲਾਂ ਦੇ ਅੰਦਰ ਕਰੇਗਾ।

(2) ਉਪ-ਧਾਰਾ (3) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪੰਜਾਬ ਲੋਕਪਾਲ ਐਕਟ, 1995 (1995 ਦਾ ਪੰਜਾਬ ਐਕਟ ਨੰ. 9) ਦੇ ਉਪਬੰਧਾਂ ਦੇ ਅਧੀਨ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਦੀ ਜਾਂਚ ਵੀ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੁਆਰਾ ਕੀਤੀ ਜਾਵੇਗੀ।

(3) ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕਿਸੇ ਮਾਮਲੇ ਦੀ ਜਾਂਚ ਨਹੀਂ ਕਰੇਗਾ ਜੋ ਉਸਦੀਆਂ ਸਿਫ਼ਾਰਸ਼ਾਂ ਤੇ ਜਾਂ ਉਸਦੀ ਅਗੇਤਰੀ ਸਹਿਮਤੀ ਨਾਲ ਜਾਂਚ ਕਮਿਸ਼ਨ ਐਕਟ, 1952 ਦੇ ਅਧੀਨ ਜਾਂਚ ਲਈ ਹਵਾਲਾ ਕੀਤਾ ਗਿਆ ਹੋਵੇ।

(4) ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕਿਸੇ ਸ਼ਿਕਾਇਤ ਦੀ ਸਵੈ-ਪ੍ਰੇਰਨਾ 'ਤੇ ਜਾਂਚ ਨਹੀਂ ਕਰੇਗਾ।

ਸ਼ਿਕਾਇਤਾਂ ।

11. (1) ਲੋਕ ਸੇਵਕ ਤੋਂ ਸਿਵਾਏ ਕੋਈ ਵਿਅਕਤੀ ਇਸ ਐਕਟ ਦੇ ਅਧੀਨ ਲੋਕਪਾਲ ਨੂੰ ਸ਼ਿਕਾਇਤ ਕਰ ਸਕੇਗਾ।

(2) * * * * *

(3) ਸ਼ਿਕਾਇਤ ਮੁਕੱਰਰ ਰੂਪ ਵਿੱਚ ਹੋਵੇਗੀ ਅਤੇ ਕਥਿਤ ਦੁਰਾਚਾਰ ਦੇ ਵੇਰਵੇ ਦੇਵੇਗੀ ਅਤੇ ਦੁਰਾਚਾਰ ਦੇ ਦੂਸ਼ਣ ਅਤੇ ਉਸਦੇ ਵੇਰਵਿਆਂ ਦੇ ਸਮਰਥਨ ਵਿੱਚ ਇੱਕ ਹਲਫ਼ੀਆ

ਬਿਆਨ ਅਤੇ ਉਪ-ਧਾਰਾ (4) ਵਿੱਚ ਹਵਾਲਾ ਕੀਤੇ ਜਮ੍ਹਾਂ ਰਕਮ ਦੇ ਬਾਰੇ ਵਿੱਚ ਮੁਕੱਰਰ ਰੂਪ ਵਿੱਚ ਇੱਕ ਪ੍ਰਮਾਣ-ਪੱਤਰ ਦੇ ਨਾਲ ਹੋਵੇਗੀ।

(4) ਸ਼ਿਕਾਇਤਕਰਤਾ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਅਥਾਰਟੀ ਜਾਂ ਏਜੰਸੀ ਕੋਲ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਹਜ਼ਾਰ ਰੁਪਏ ਫ਼ੀਸ ਵਜੋਂ ਜਮ੍ਹਾਂ ਕਰਵਾਏਗਾ।

ਲੋਕਪਾਲ ਜਾਂ ਉਪ-ਲੋਕਪਾਲ ਦੁਆਰਾ ਸ਼ਿਕਾਇਤਾਂ ਦੀ ਪ੍ਰਾਰੰਭਕ ਛਾਣਬੀਣ।

12. (1) ਜੇ ਲੋਕਪਾਲ ਜਾਂ ਉਪ-ਲੋਕਪਾਲ ਦੀ, ਜਿਹੀ ਕਿ ਸੂਰਤ ਹੋਵੇ, ਸ਼ਿਕਾਇਤ 'ਤੇ ਵਿਚਾਰ ਕਰਨ ਪਿੱਛੋਂ, ਅਤੇ ਅਜਿਹੀ ਤਸਦੀਕ ਕਰਨ ਪਿੱਛੋਂ, ਜੋ ਉਹ ਉਚਿਤ ਸਮਝਦਾ ਹੈ, ਸੰਤੁਸ਼ਟੀ ਹੈ ਕਿ,–

(ੳ) ਉਹ ਧਾਰਾ 10 ਦੀ ਉਪ-ਧਾਰਾ (3) ਦੇ ਉਪਬੰਧ ਕਾਰਨ ਸ਼ਿਕਾਇਤ ਦੇ ਬਾਰੇ ਵਿੱਚ ਕੋਈ ਜਾਂਚ ਨਹੀਂ ਕਰ ਸਕਦਾ; ਜਾਂ

(ਅ) ਸ਼ਿਕਾਇਤ ਧਾਰਾ 10 ਦੀ ਉਪ-ਧਾਰਾ (1) ਵਿੱਚ ਉਲਿਖਤ ਕੀਤੀ ਗਈ ਮੁੱਦਤ ਦੇ ਅੰਦਰ ਨਹੀਂ ਕੀਤੀ ਗਈ ਹੈ ਅਤੇ ਸ਼ਿਕਾਇਤ ਨੂੰ ਗ੍ਰਹਿਣ ਕਰਨ ਲਈ ਕੋਈ ਕਾਫੀ ਕਾਰਨ ਨਹੀਂ ਹੈ; ਜਾਂ

(ਇ) ਸ਼ਿਕਾਇਤ ਤੁੱਛ ਜਾਂ ਤੰਗ ਕਰਨ ਵਾਲੀ ਹੈ ਜਾਂ ਨੇਕ-ਨੀਤੀ ਨਾਲ ਨਹੀਂ ਕੀਤੀ ਗਈ ਹੈ; ਜਾਂ

(ਸ) ਸ਼ਿਕਾਇਤ ਦੀ ਜਾਂਚ ਕਰਨ ਲਈ ਕੋਈ ਕਾਫੀ ਆਧਾਰ ਨਹੀਂ ਹਨ;

ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਉਸ ਦੇ ਕਾਰਨ ਦਰਜ ਕਰਨ ਪਿੱਛੋਂ ਸ਼ਿਕਾਇਤ ਨੂੰ ਖ਼ਾਰਜ ਕਰ ਦੇਵੇਗਾ ਅਤੇ ਸ਼ਿਕਾਇਤਕਰਤਾ ਅਤੇ ਸੰਬੰਧਤ ਸ਼ਕਤਵਾਨ ਅਥਾਰਟੀ ਨੂੰ ਇਸ ਬਾਰੇ ਸੰਸੂਚਿਤ ਕਰੇਗਾ।

(2) ਉਪ-ਧਾਰਾ (1) ਅਧੀਨ ਸ਼ਿਕਾਇਤ ਦੇ ਬਾਰੇ ਵਿੱਚ ਤਸਦੀਕ ਦਾ ਜ਼ਾਬਤਾ ਅਜਿਹਾ ਹੋਵੇਗਾ, ਜਿਵੇਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਮਾਮਲੇ ਦੇ ਹਾਲਾਤਾਂ ਵਿੱਚ ਉਚਿਤ ਸਮਝੇ ਅਤੇ ਖ਼ਾਸ ਤੌਰ 'ਤੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਜੇ ਉਹ ਇਸ ਤਰ੍ਹਾਂ ਕਰਨਾ ਜ਼ਰੂਰੀ ਸਮਝਦਾ ਹੈ ਤਾਂ ਸੰਬੰਧਤ ਜਨਤਕ ਸੇਵਕ ਦੀਆਂ ਟੀਕਾ-ਟਿੱਪਣੀਆਂ ਮੰਗ ਸਕਦਾ ਹੈ।

(3) ਜਿਸ ਵਿਅਕਤੀ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ, ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਹੁਕਮ ਇੱਕ ਮੂੰਹ ਬੋਲਦਾ ਹੁਕਮ ਹੋਵੇਗਾ।

ਜਾਂਚ ਦੇ ਬਾਰੇ ਵਿੱਚ ਜ਼ਾਬਤਾ।

13. (1) ਜੇ, ਕਿਸੇ ਸ਼ਿਕਾਇਤ ਦੇ ਬਾਰੇ ਵਿੱਚ ਧਾਰਾ 12 ਦੇ ਅਧੀਨ ਵਿਚਾਰ ਅਤੇ ਤਸਦੀਕ ਕਰਨ ਪਿੱਛੋਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਜਾਂਚ ਕਰਨ ਦੀ ਤਜਵੀਜ਼ ਕਰਦਾ ਹੈ, ਤਾਂ ਉਹ,–

(ੳ) ਸ਼ਿਕਾਇਤ ਦੀ ਇੱਕ ਨਕਲ, ਤਤਕਾਲ ਸ਼ਕਤਵਾਨ ਅਥਾਰਟੀ ਨੂੰ ਭੇਜੇਗਾ;

(ਅ) ਜਾਂਚ ਨਾਲ ਸੁਸੰਗਤ ਦਸਤਾਵੇਜ਼ਾਂ ਦੀ ਸੁਰੱਖਿਅਤ ਸੰਭਾਲ ਬਾਬਤ ਅਜਿਹੇ ਹੁਕਮ ਕਰ ਸਕੇਗਾ ਜੋ ਉਹ ਉਚਿਤ ਸਮਝਦਾ ਹੈ;

(ਇ) ਅਜਿਹੇ ਸਮੇਂ 'ਤੇ ਜੋ ਉਹ ਮੁਨਾਸਬ ਸਮਝਦਾ ਹੈ, ਸ਼ਿਕਾਇਤ ਦੀ ਇੱਕ ਨਕਲ ਸੰਬੰਧਤ ਜਨਤਕ ਸੇਵਕ ਨੂੰ ਭੇਜੇਗਾ ਅਤੇ ਉਸ ਨੂੰ ਉਸ ਦਾ ਕੇਸ ਪੇਸ਼ ਕਰਨ ਦਾ ਮੌਕਾ ਦੇਵੇਗਾ।

(2) ਅਜਿਹੀ ਹਰੇਕ ਜਾਂਚ ਬੰਦ ਕਮਰੇ ਵਿੱਚ ਕੀਤੀ ਜਾਵੇਗੀ।

(3) ਉਪਰੋਕਤ ਨੂੰ ਛੱਡ ਕੇ, ਅਜਿਹੀ ਕਿਸੇ ਜਾਂਚ ਦੇ ਸੰਚਾਲਨ ਲਈ ਜ਼ਾਬਤਾ ਅਜਿਹਾ ਹੋਵੇਗਾ ਜੋ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕੁਦਰਤੀ ਨਿਆਂ ਦੇ ਨਿਯਮਾਂ, ਜਿਵੇਂ ਭਾਰਤ ਦੀ ਸਰਵ-ਉੱਚ ਅਦਾਲਤ ਅਤੇ ਉੱਚ-ਅਦਾਲਤ ਦੁਆਰਾ ਪ੍ਰਗਟ ਕੀਤੇ ਗਏ ਹਨ, ਨੂੰ ਧਿਆਨ ਵਿੱਚ ਰੱਖਦੇ ਹੋਏ ਮਾਮਲੇ ਦੇ ਹਾਲਾਤਾਂ ਅਨੁਸਾਰ ਮੁਨਾਸਬ ਸਮਝੇ। ਜਿਸ ਵਿਅਕਤੀ ਦੇ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ, ਉਸਨੂੰ ਆਪਣੇ ਹੀ ਵਿਰੁੱਧ ਗਵਾਹ ਬਣਨ ਲਈ ਮਜ਼ਬੂਰ ਨਹੀਂ ਕੀਤਾ ਜਾਵੇਗਾ।

ਸ਼ਹਾਦਤ।

14. (1) ਇਸ ਧਾਰਾ ਦੇ ਉਪਬੰਧਾਂ ਦੇ ਤਾਬੇ, ਕਿਸੇ ਜਾਂਚ ਦੇ ਪ੍ਰਯੋਜਨ ਲਈ, ਧਾਰਾ 12 ਦੇ ਅਧੀਨ ਤਸਦੀਕ ਸਮੇਤ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ,–

(ੳ) ਕਿਸੇ ਲੋਕ ਸੇਵਕ ਜਾਂ ਕਿਸੇ ਹੋਰ ਵਿਅਕਤੀ ਤੋਂ, ਜੋ, ਉਸਦੀ ਰਾਏ ਵਿੱਚ ਅਜਿਹੀ ਜਾਂਚ ਨਾਲ ਸੁਸੰਗਤ ਸੂਚਨਾ ਦੇਣ ਜਾਂ ਦਸਤਾਵੇਜ਼ ਪੇਸ਼ ਕਰਨ ਦੇ ਯੋਗ ਹੈ, ਅਜਿਹੀ ਕੋਈ ਸੂਚਨਾ ਦੇਣ ਜਾਂ ਕੋਈ ਅਜਿਹਾ ਦਸਤਾਵੇਜ਼ ਪੇਸ਼ ਕਰਨਾ ਲੋੜ ਸਕੇਗਾ;

(ਅ) ਜ਼ਾਬਤਾ ਦੀਵਾਨੀ ਸੰਘਤਾ, 1908 ਦੇ ਅਧੀਨ ਦਾਵੇ ਦੀ ਸੁਣਵਾਈ ਕਰਦੇ ਸਮੇਂ, ਕੇਵਲ ਹੇਠ-ਲਿਖੇ ਮਾਮਲਿਆਂ ਦੇ ਬਾਰੇ ਵਿੱਚ ਇੱਕ ਦੀਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ, ਅਰਥਾਤ:–

(i) ਕਿਸੇ ਵੀ ਵਿਅਕਤੀ ਨੂੰ ਤਲਬ ਕਰਨਾ ਅਤੇ ਉਸਨੂੰ ਹਾਜ਼ਰ ਕਰਵਾਉਣਾ ਅਤੇ ਉਸ ਦੀ ਸਹੁੰ ਤੇ ਪ੍ਰੀਖਿਆ ਕਰਨਾ;

(ii) ਕੋਈ ਦਸਤਾਵੇਜ਼ ਪ੍ਰਗਟ ਕਰਨਾ ਅਤੇ ਪੇਸ਼ ਕਰਨਾ ਲੋੜਨਾ;

(iii) ਹਲਫ਼ੀਆ ਬਿਆਨਾਂ ਤੇ ਸ਼ਹਾਦਤ ਪ੍ਰਾਪਤ ਕਰਨਾ;

(iv) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕੋਈ ਲੋਕ ਰਿਕਾਰਡ ਜਾਂ ਉਸਦੀ ਨਕਲ ਮੰਗਵਾਉਣਾ;

(v) ਗਵਾਹਾਂ ਦੀ ਪ੍ਰੀਖਿਆ ਲਈ ਕਮਿਸ਼ਨ ਜਾਰੀ ਕਰਨਾ; ਅਤੇ

(vi) ਅਜਿਹੇ ਹੋਰ ਮਾਮਲੇ ਜੋ ਮੁਕੱਰਰ ਕੀਤੇ ਜਾਣ।

(2) ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੇ ਅੱਗੇ ਚੱਲ ਰਹੀ ਕਾਰਵਾਈ ਨੂੰ ਭਾਰਤੀ ਦੰਡ ਸੰਘਤਾ, 1860 ਦੀ ਧਾਰਾ 193 ਦੇ ਅਰਥ ਅਧੀਨ ਨਿਆਂਇਕ ਕਾਰਵਾਈ ਸਮਝਿਆ ਜਾਵੇਗਾ।

(3) ਉਪ-ਧਾਰਾ (4) ਦੇ ਉਪਬੰਧਾਂ ਦੇ ਤਾਬੇ –

(ੳ) ਸਰਕਾਰ ਜਾਂ ਕਿਸੇ ਲੋਕ ਸੇਵਕ ਦੁਆਰਾ ਪ੍ਰਾਪਤ ਕੀਤੀ ਜਾਂ ਦਿੱਤੀ ਗਈ ਸੂਚਨਾ ਦੇ ਪ੍ਰਗਟਾਵੇ 'ਤੇ ਗੁਪਤਤਾ ਬਣਾਈ ਰੱਖਣ ਦੀ ਕੋਈ ਬਾਂਧ ਜਾਂ ਹੋਰ ਪਾਬੰਦੀ, ਭਾਵੇਂ ਉਹ ਕਿਸੇ ਕਾਨੂੰਨ ਦੁਆਰਾ ਜਾਂ ਕਾਨੂੰਨ ਦੇ ਕਿਸੇ ਉਪਬੰਧਾਂ ਦੁਆਰਾ ਅਰੋਪੀ ਗਈ ਹੋਵੇ, ਇਸ ਐਕਟ ਦੇ ਅਧੀਨ ਕਿਸੇ ਵੀ ਜਾਂਚ (ਧਾਰਾ 12 ਅਧੀਨ ਤਸਦੀਕ ਸਮੇਤ) ਦੇ ਪ੍ਰਯੋਜਨਾਂ ਲਈ ਸੂਚਨਾ ਦੇ ਪ੍ਰਗਟਾਵੇ 'ਤੇ ਲਾਗੂ ਨਹੀਂ ਹੋਵੇਗੀ; ਅਤੇ

(ਅ) ਕਿਸੇ ਤਸਦੀਕ ਜਾਂ ਪੁੱਛ-ਗਿੱਛ ਦੇ ਸੰਬੰਧ ਵਿੱਚ, ਸਰਕਾਰ ਜਾਂ ਕੋਈ ਲੋਕ ਸੇਵਕ, ਦਸਤਾਵੇਜ਼ ਪੇਸ਼ ਕਰਨ ਜਾਂ ਸ਼ਹਾਦਤ ਦੇਣ ਦੇ ਬਾਰੇ ਵਿੱਚ, ਅਜਿਹੇ ਕਿਸੇ ਵਿਸ਼ੇਸ਼ ਅਧਿਕਾਰ ਦਾ ਹੱਕਦਾਰ ਨਹੀਂ ਹੋਵੇਗਾ, ਜੋ ਕਿਸੇ ਕਾਨੂੰਨ ਦੁਆਰਾ ਜਾਂ ਕਾਨੂੰਨੀ ਕਾਰਵਾਈਆਂ ਵਿੱਚ ਕਿਸੇ ਵੀ ਉਪਬੰਧ ਦੁਆਰਾ ਇਜਾਜ਼ਤ ਹੈ।

(4) ਇਸ ਐਕਟ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਕੋਈ ਸੂਚਨਾ ਦੇਣ ਜਾਂ ਕਿਸੇ ਅਜਿਹੇ ਸਵਾਲ ਦਾ ਜਵਾਬ ਦੇਣ ਜਾਂ ਕਿਸੇ ਵੀ ਦਸਤਾਵੇਜ਼ ਦਾ ਇੰਨਾ ਹਿੱਸਾ ਪੇਸ਼ ਕਰਨ ਲਈ ਲੋੜਿਆ ਜਾਂ ਅਧਿਕਾਰਤ ਨਹੀਂ ਕੀਤਾ ਜਾਵੇਗਾ,–

(ੳ) ਜੋ ਰਾਜ ਦੀ ਸੁਰੱਖਿਆ ਜਾਂ ਭਾਰਤ ਦੀ ਰੱਖਿਆ ਜਾਂ ਅੰਤਰਰਾਸ਼ਟਰੀ ਸਬੰਧਾਂ (ਜਿਸ ਵਿੱਚ ਕਿਸੇ ਹੋਰ ਦੇਸ਼ ਦੀ ਸਰਕਾਰ ਜਾਂ ਕਿਸੇ ਅੰਤਰਰਾਸ਼ਟਰੀ ਸੰਗਠਨ ਨਾਲ ਭਾਰਤ ਦੇ ਸੰਬੰਧ ਸ਼ਾਮਲ ਹਨ), ਜਾਂ ਅਪਰਾਧ ਦੀ ਜਾਂਚ ਜਾਂ ਸੂਹ ਲਭਾਈ 'ਤੇ ਪ੍ਰਤੀਕੂਲ ਪ੍ਰਭਾਵ ਪਾ ਸਕਦਾ ਹੋਵੇ; ਜਾਂ

(ਅ) ਜੋ ਮੰਤਰੀ ਪਰਿਸ਼ਦ ਜਾਂ ਉਸਦੀ ਕਿਸੇ ਕਮੇਟੀ ਦੀ ਕਾਰਵਾਈ ਰਿਪੋਟ ਦਾ ਪ੍ਰਗਟਾਵਾ ਕਰ ਸਕਦਾ ਹੋਵੇ, ਅਤੇ ਇਸ ਉਪ-ਧਾਰਾ ਦੇ ਪ੍ਰਯੋਜਨ ਲਈ, ਸਰਕਾਰ ਦੇ ਸਕੱਤਰ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ, ਜੋ ਇਹ ਤਸਦੀਕ ਕਰਦਾ ਹੈ ਕਿ ਕੋਈ ਸੂਚਨਾ, ਜਵਾਬ ਜਾਂ ਦਸਤਾਵੇਜ਼ ਦਾ ਹਿੱਸਾ ਖੰਡ (ੳ) ਜਾਂ ਖੰਡ (ਅ) ਵਿੱਚ ਉਲਿਖਤ ਪ੍ਰਕਿਰਤੀ ਦਾ ਹੈ, ਬੰਧਨਕਾਰੀ ਅਤੇ ਨਿਰਣੇਈ ਹੋਵੇਗਾ:

ਪਰੰਤੂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕਿਸੇ ਸੂਚਨਾ ਜਾਂ ਜਵਾਬ ਜਾਂ ਦਸਤਾਵੇਜ਼ ਦੇ ਹਿੱਸੇ ਦੀ ਮੰਗ ਕਰ ਸਕੇਗਾ, ਜਿਸਦੇ ਬਾਰੇ ਵਿੱਚ ਇਸ ਉਪ-ਧਾਰਾ ਅਧੀਨ ਇਸ ਪ੍ਰਭਾਵ ਦਾ ਪ੍ਰਮਾਣ-ਪੱਤਰ ਜਾਰੀ ਕੀਤਾ ਗਿਆ ਹੈ ਕਿ ਇਹ ਖੰਡ (ਅ) ਵਿੱਚ ਉਲਿਖਤ ਪ੍ਰਕਿਰਤੀ ਦਾ ਹੈ, ਜਾਂਚ ਲਈ ਪ੍ਰਾਈਵੇਟ ਤੌਰ 'ਤੇ ਪ੍ਰਗਟ ਕੀਤਾ ਜਾਵੇ ਅਤੇ ਜੇ ਅਜਿਹੀ ਜਾਂਚ ਤੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਤੁਸ਼ਟੀ ਹੋ ਜਾਂਦੀ ਹੈ ਕਿ ਅਜਿਹਾ ਪ੍ਰਮਾਣ-ਪੱਤਰ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ ਸੀ, ਤਾਂ ਉਹ ਪ੍ਰਮਾਣ-ਪੱਤਰ ਨੂੰ ਅਪ੍ਰਭਾਵੀ ਐਲਾਨ ਸਕੇਗਾ।

ਤਲਾਸ਼ੀ ਅਤੇ ਪਕੜਨਾ।

15. (1) ਜੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਕੋਈ ਦਸਤਾਵੇਜ਼ ਜੋ, ਉਸਦੀ ਰਾਏ ਵਿੱਚ, ਇਸ ਐਕਟ ਅਧੀਨ ਕਿਸੇ ਪੁੱਛ-ਗਿੱਛ ਲਈ ਉਪਯੋਗੀ ਜਾਂ ਸੁਸੰਗਤ ਹੋਵੇਗਾ, ਕਿਸੇ ਥਾਂ 'ਤੇ ਛੁਪਾ ਕੇ ਰੱਖਿਆ ਗਿਆ ਹੈ ਤਾਂ ਉਹ, ਰਾਜਪਾਲ ਦੀ ਪੂਰਵ ਪ੍ਰਵਾਨਗੀ ਨਾਲ, ਆਪਣੇ ਮਾਤਹਿੱਤ ਕਿਸੇ ਅਧਿਕਾਰੀ ਜਾਂ ਧਾਰਾ 8 ਦੀ ਉਪ-ਧਾਰਾ (2) ਵਿੱਚ ਹਵਾਲਾ ਕੀਤੇ ਕਿਸੇ ਅਧਿਕਾਰੀ ਜਾਂ ਕਿਸੇ ਜਾਂਚ ਏਜੰਸੀ ਨੂੰ ਅਜਿਹੇ ਦਸਤਾਵੇਜ਼ਾਂ ਲਈ ਤਲਾਸ਼ੀ ਲੈਣ ਅਤੇ ਉਨ੍ਹਾਂ ਨੂੰ ਪਕੜਨ ਲਈ ਅਧਿਕਾਰਤ ਕਰ ਸਕੇਗਾ।

(2) ਜੇ ਲੋਕਪਾਲ ਜਾਂ ਉਪ-ਲੋਕਪਾਲ ਦੀ, ਜਿਹੀ ਕਿ ਸੂਰਤ ਹੋਵੇ, ਤੁਸ਼ਟੀ ਹੋ ਜਾਂਦੀ ਹੈ ਕਿ ਉਪ-ਧਾਰਾ (1) ਅਧੀਨ ਜ਼ਬਤ ਕੀਤਾ ਗਿਆ ਕੋਈ ਵੀ ਦਸਤਾਵੇਜ਼, ਇਸ ਐਕਟ ਅਧੀਨ ਕਿਸੇ ਵੀ ਜਾਂਚ ਦੇ ਪ੍ਰਯੋਜਨ ਲਈ ਸ਼ਹਾਦਤ ਹੋਵੇਗਾ ਅਤੇ ਉਸ ਦਸਤਾਵੇਜ਼ ਨੂੰ ਉਸਦੀ ਕਸਟੱਡੀ ਵਿੱਚ ਰੱਖਣਾ ਜ਼ਰੂਰੀ ਹੋਵੇਗਾ, ਤਾਂ ਉਹ ਅਜਿਹੀ ਜਾਂਚ ਦੇ ਮੁਕੰਮਲ ਹੋਣ ਤੱਕ ਉਕਤ ਦਸਤਾਵੇਜ਼ ਨੂੰ ਆਪਣੇ ਕੋਲ ਰੱਖ ਸਕੇਗਾ:

ਪਰੰਤੂ ਜਿੱਥੇ ਅਜਿਹਾ ਦਸਤਾਵੇਜ਼ ਅਜਿਹੀ ਜਾਂਚ ਦੇ ਅਰੰਭ ਹੋਣ ਤੋਂ ਪਹਿਲਾਂ ਜਬਤ ਕੀਤਾ ਜਾਂਦਾ ਹੈ, ਤਾਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦਸਤਾਵੇਜ਼ ਦੇ ਜਬਤ ਹੋਣ ਦੀ ਤਰੀਕ ਤੋਂ ਇੱਕ ਸਾਲ ਦੀ ਮੁੱਦਤ ਗੁਜਰਣ ਤੋਂ ਪਹਿਲਾਂ ਦਸਤਾਵੇਜ਼ ਵਾਪਸ ਕਰ ਦੇਵੇਗਾ, ਜੇਕਰ ਅਜਿਹੀ ਜਾਂਚ ਅਜਿਹੇ ਗੁਜ਼ਰਨ ਤੋਂ ਪਹਿਲਾਂ ਅਰੰਭ ਨ ਹੋ ਗਈ ਹੋਵੇ।

ਵਿਆਖਿਆ.– ਇਸ ਉਪ-ਧਾਰਾ ਦੇ ਪ੍ਰਯੋਜਨ ਲਈ ਕਿਸੇ ਸ਼ਿਕਾਇਤ ਦੇ ਬਾਰੇ ਵਿੱਚ ਜਾਂਚ,–

(ੳ) ਉਸ ਤਰੀਕ ਨੂੰ ਅਰੰਭ ਹੋਈ ਸਮਝੀ ਜਾਵੇਗੀ ਜਿਸ ਤਰੀਕ ਨੂੰ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਧਾਰਾ 13 ਦੀ ਉਪ-ਧਾਰਾ (1) ਦੇ ਖੰਡ (ੳ) ਦੇ ਅਧੀਨ ਸ਼ਕਤਵਾਨ ਅਥਾਰਟੀ ਨੂੰ ਸ਼ਿਕਾਇਤ ਦੀ ਇੱਕ ਨਕਲ ਭੇਜਦਾ ਹੈ।

(ਅ) ਉਸ ਤਰੀਕ ਨੂੰ ਮੁਕੰਮਲ ਹੋਈ ਸਮਝੀ ਜਾਵੇਗੀ ਜਿਸ ਤਰੀਕ ਨੂੰ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਧਾਰਾ 16 ਅਧੀਨ ਦਾਵਾ ਸਮਾਪਤ ਕਰ ਦਿੰਦਾ ਹੈ।

(3) ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਤਲਾਸ਼ੀਆਂ ਨਾਲ ਸਬੰਧਤ ਉਪਬੰਧ, ਜਿੱਥੋਂ ਤੱਕ ਹੋ ਸਕੇ, ਇਸ ਧਾਰਾ ਅਧੀਨ ਕੀਤੀਆਂ ਜਾਣ ਵਾਲੀਆਂ ਤਲਾਸ਼ੀਆਂ 'ਤੇ ਇਸ ਰੂਪਭੇਦ ਦੇ ਤਾਬੇ ਲਾਗੂ ਹੋਣਗੇ ਕਿ ਉਕਤ ਸੰਘਤਾ ਦੀ ਧਾਰਾ 165 ਦੀ ਉਪ-ਧਾਰਾ (6) ਇਸ ਤਰ੍ਹਾਂ ਪ੍ਰਭਾਵੀ ਹੋਵੇਗੀ ਜਿਵੇਂ ਕਿ ਸ਼ਬਦ "ਮੈਜਿਸਟ੍ਰੇਟ" ਦੀ ਥਾਵੇਂ, ਜਿੱਥੇ ਵੀ ਇਹ ਆਉਂਦਾ ਹੈ, ਸ਼ਬਦ "ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਜਾਂ ਉਸ ਦੁਆਰਾ ਅਧਿਕਾਰਤ ਕੋਈ ਅਧਿਕਾਰੀ" ਰੱਖ ਦਿੱਤੇ ਗਏ ਹੋਣ।

ਰਿਪੋਟਾਂ।

16. (1) ਜੇ, ਕਿਸੇ ਸ਼ਿਕਾਇਤ ਦੇ ਬਾਰੇ ਵਿੱਚ ਜਾਂਚ ਕਰਨ ਪਿੱਛੋਂ, ਲੋਕਪਾਲ ਜਾਂ ਉਪ-ਲੋਕਪਾਲ ਦੀ, ਜਿਹੀ ਕਿ ਸੂਰਤ ਹੋਵੇ, ਤੁਸ਼ਟੀ ਹੋ ਜਾਂਦੀ ਹੈ ਕਿ,–

(ੳ) ਸ਼ਿਕਾਇਤ ਵਿੱਚ ਲਗਾਇਆ ਗਿਆ ਕੋਈ ਦੁਸ਼ਣ ਪੂਰਨ ਤੌਰ 'ਤੇ ਜਾਂ ਅੰਸ਼ਕ ਤੌਰ ਤੇ ਸਚਾਈ ਸਾਬਤ ਨਹੀਂ ਹੋਇਆ ਹੈ, ਤਾਂ ਉਹ ਮੁਕੱਦਮਾ ਸਮਾਪਤ ਕਰ ਦੇਵੇਗਾ ਅਤੇ ਸ਼ਿਕਾਇਤਕਰਤਾ, ਜਨਤਕ ਸੇਵਕ ਅਤੇ ਸ਼ਕਤਵਾਨ ਅਥਾਰਟੀ ਨੂੰ ਉਸ ਅਨੁਸਾਰ ਇਤਲਾਹ ਕਰੇਗਾ; ਜਾਂ

(ਅ) ਸ਼ਿਕਾਇਤ ਵਿੱਚ ਲਗਾਏ ਗਏ ਸਾਰੇ ਜਾਂ ਕੋਈ ਵੀ ਦੁਸ਼ਣ ਜਾਂ ਤਾਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ 'ਤੇ ਸਚਾਈ ਸਾਬਤ ਹੋ ਗਏ ਹਨ, ਜਾਂ ਹੋ ਗਿਆ ਹੈ ਉਹ ਲਿਖਤੀ ਰਿਪੋਟ ਦੁਆਰਾ ਆਪਣੇ ਸਿੱਟੇ ਅਤੇ ਸਿਫ਼ਾਰਸ਼ਾਂ ਸ਼ਕਤਵਾਨ ਅਧਿਕਾਰੀ ਨੂੰ ਸੰਸੂਚਤ ਕਰੇਗਾ ਅਤੇ ਸ਼ਿਕਾਇਤ ਕਰਤਾ ਅਤੇ ਸਬੰਧਤ ਜਨਤਕ ਸੇਵਕ ਨੂੰ ਰਿਪੋਟ ਕੀਤੇ ਜਾਣ ਬਾਰੇ ਇਤਲਾਹ ਦੇਵੇਗਾ।

(2) ਸ਼ਕਤਵਾਨ ਅਥਾਰਟੀ ਉਪ-ਧਾਰਾ (1) ਦੇ ਖੰਡ (ਅ) ਦੇ ਅਧੀਨ ਉਸਨੂੰ ਭੇਜੀ ਗਈ ਰਿਪੋਟ ਦੀ ਪੜਤਾਲ ਕਰੇਗੀ ਅਤੇ ਰਿਪੋਟ ਪ੍ਰਾਪਤ ਹੋਣ ਦੀ ਤਰੀਕ ਤੋਂ ਤਿੰਨ ਮਹੀਨਿਆਂ

ਦੇ ਅੰਦਰ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਨੂੰ ਰਿਪੋਟ ਦੇ ਆਧਾਰ 'ਤੇ ਕੀਤੀ ਗਈ ਜਾਂ ਤਜਵੀਜ਼ਤ ਕੀਤੀ ਕਾਰਵਾਈ ਬਾਰੇ ਸੰਸੂਚਤ ਕਰੇਗੀ।

(3) ਜੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਉਪ-ਧਾਰਾ (1) ਦੇ ਖੰਡ (ਅ) ਦੇ ਅਧੀਨ ਉਸਦੀ ਰਿਪੋਟ ਦੇ ਆਧਾਰ 'ਤੇ ਕੀਤੀ ਗਈ ਜਾਂ ਤਜਵੀਜ਼ਤ ਕੀਤੀ ਕਾਰਵਾਈ ਤੋਂ ਸੰਤੁਸ਼ਟ ਹੈ, ਤਾਂ ਉਹ ਮੁਕੱਦਮਾ ਸਮਾਪਤ ਕਰ ਦੇਵੇਗਾ ਅਤੇ ਸ਼ਿਕਾਇਤਕਰਤਾ, ਜਨਤਕ ਸੇਵਕ ਅਤੇ ਸ਼ਕਤਵਾਨ ਅਥਾਰਟੀ ਨੂੰ ਉਸ ਅਨੁਸਾਰ ਇਤਲਾਹ ਕਰੇਗਾ, ਪਰ ਜਿੱਥੇ ਉਸਦੀ ਇਸ ਤਰ੍ਹਾਂ ਤੁਸ਼ਟੀ ਨਹੀਂ ਹੈ ਅਤੇ ਜੇ, ਉਹ ਸਮਝਦਾ ਹੈ ਕਿ ਮਾਮਲਾ ਇੰਨਾ ਹੱਕੀ ਹੈ ਤਾਂ ਉਹ ਫ਼ੈਸਲੇ ਦੀ ਨਜ਼ਰਸਾਨੀ ਲਈ ਰਾਜਪਾਲ ਨੂੰ ਵਿਸ਼ੇਸ਼ ਰਿਪੋਟ ਕਰੇਗਾ।

(4) ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਰਾਜਪਾਲ ਨੂੰ ਇਸ ਐਕਟ ਦੇ ਪ੍ਰਸ਼ਾਸਨ ਬਾਰੇ ਸਾਲਾਨਾ ਤੌਰ 'ਤੇ ਇੱਕ ਸੰਚਿਤ ਰਿਪੋਟ ਪੇਸ਼ ਕਰੇਗਾ।

(5) ਜਿੰਨੀ ਛੇਤੀ ਹੋ ਸਕੇ, ਉਪ-ਧਾਰਾ (3) ਦੇ ਅਧੀਨ ਵਿਸ਼ੇਸ਼ ਰਿਪੋਟ, ਜਾਂ ਉਪ-ਧਾਰਾ (4) ਦੇ ਅਧੀਨ ਸਾਲਾਨਾ ਰਿਪੋਟ ਪ੍ਰਾਪਤ ਹੋਣ ਪਿੱਛੋਂ ਅਤੇ ਕਿਸੇ ਵੀ ਹਾਲਤ ਵਿੱਚ ਨੱਬੇ ਦਿਨਾਂ ਦੇ ਅੰਦਰ, ਰਾਜਪਾਲ ਇਸ ਰਿਪੋਟ ਨੂੰ ਇੱਕ ਅਸਾਧਾਰਣ ਯਾਦ-ਪੱਤਰ ਸਮੇਤ ਰਾਜ ਵਿਧਾਨ ਮੰਡਲ ਦੇ ਅੱਗੇ ਰਖਵਾਏਗਾ।

ਵਿਆਖਿਆ.– ਇਸ ਉਪ-ਧਾਰਾ ਵਿੱਚ ਹਵਾਲਾ ਕੀਤੇ ਨੱਬੇ ਦਿਨਾਂ ਦੀ ਮੁੱਦਤ ਦੀ ਗਣਨਾ ਕਰਦੇ ਸਮੇਂ, ਕਿਸੇ ਮੁੱਦਤ, ਜਿਸ ਦੌਰਾਨ ਰਾਜ ਵਿਧਾਨ ਮੰਡਲ ਇਜਲਾਸ ਵਿੱਚ ਨਹੀਂ ਹੈ, ਨੂੰ ਅਪਵਰਜਿਤ ਕੀਤਾ ਜਾਵੇਗਾ।

ਫੁਟਕਲ

ਲੋਕਪਾਲ ਜਾਂ ਉਪ-ਲੋਕਪਾਲ 'ਤੇ ਹੋਣ ਵਾਲਾ ਖ਼ਰਚ ਰਾਜ ਦੇ ਸੰਚਿਤ ਫ਼ੰਡ 'ਤੇ ਭਾਰਿਤ ਹੋਣਾ।

17. ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਅਤੇ ਹੋਰ ਅਹੁਦੇਦਾਰਾਂ ਨੂੰ ਜਾਂ ਉਨ੍ਹਾਂ ਦੇ ਬਾਰੇ ਵਿੱਚ, ਅਦਾਇਗੀਯੋਗ ਤਨਖ਼ਾਹਾਂ, ਭੱਤੇ ਅਤੇ ਪੈਨਸ਼ਨਾਂ ਦਾ ਖ਼ਰਚ ਰਾਜ ਦੇ ਸੰਚਿਤ ਫ਼ੰਡ 'ਤੇ ਭਾਰਿਤ ਹੋਵੇਗਾ।

ਸੂਚਨਾ ਦੀ ਗੁਪਤਤਾ।

18. (1) ਇਸ ਐਕਟ ਦੇ ਅਧੀਨ ਕਿਸੇ ਵੀ ਤਸਦੀਕ ਜਾਂ ਜਾਂਚ ਦੇ ਅਨੁਕ੍ਰਮ ਜਾਂ ਉਸਦੇ ਪ੍ਰਯੋਜਨਾਂ ਲਈ, ਲੋਕਪਾਲ ਜਾਂ ਉਪ-ਲੋਕਪਾਲ ਦੁਆਰਾ, ਜਿਹੀ ਕਿ ਸੂਰਤ ਹੋਵੇ, ਜਾਂ ਧਾਰਾ 8 ਵਿੱਚ ਹਵਾਲਾ ਕੀਤੇ ਕਿਸੇ ਅਧਿਕਾਰੀ, ਕਰਮਚਾਰੀ, ਏਜੰਸੀ ਜਾਂ ਵਿਅਕਤੀ ਦੁਆਰਾ ਪ੍ਰਾਪਤ ਕੀਤੀ ਸੂਚਨਾ ਅਤੇ ਇਸਦੇ ਮੁਤੱਲਕ ਵਿੱਚ ਕਲਮਬੰਦ ਕੀਤੇ ਜਾਂ ਇਕੱਠੇ ਕੀਤੇ ਗਏ ਸਬੂਤ ਨੂੰ ਗੁਪਤ ਮੰਨਿਆ ਜਾਵੇਗਾ ਅਤੇ, ਭਾਰਤੀ ਸ਼ਹਾਦਤ ਐਕਟ, 1872 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਅਦਾਲਤ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਜਾਂ

ਅਜਿਹੇ ਕਿਸੇ ਅਧਿਕਾਰੀ, ਕਰਮਚਾਰੀ, ਏਜੰਸੀ ਜਾਂ ਵਿਅਕਤੀ ਨੂੰ ਅਜਿਹੀ ਜਾਣਕਾਰੀ ਨਾਲ ਸੰਬੰਧਤ ਸ਼ਹਾਦਤ ਦੇਣ ਲਈ ਜਾਂ ਇਸ ਤਰ੍ਹਾਂ ਕਲਮਬੰਦ ਜਾਂ ਇਕੱਠੀ ਕੀਤੀ ਗਈ ਸ਼ਹਾਦਤ ਪੇਸ਼ ਕਰਨ ਲਈ ਮਜ਼ਬੂਰ ਕਰਨ ਦੀ ਹੱਕਦਾਰ ਨਹੀਂ ਹੋਵੇਗੀ।

(2) ਉਪ-ਧਾਰਾ (1) ਵਿਚਲੀ ਕੋਈ ਗੱਲ,–

(ੳ) ਇਸ ਐਕਟ ਦੇ ਪ੍ਰਯੋਜਨ ਲਈ ਜਾਂ ਧਾਰਾ 16 ਅਧੀਨ ਕਿਸੇ ਰਿਪੋਟ ਤੇ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਜਾਂ ਕਾਰਵਾਈਆਂ ਦੇ ਪ੍ਰਯੋਜਨਾਂ ਲਈ; ਜਾਂ

(ਅ) ਭਾਰਤੀ ਦੰਡ ਸੰਘਤਾ, 1860 ਦੇ ਅਧੀਨ ਝੂਠੀ ਸ਼ਹਾਦਤ ਦੇਣ ਜਾਂ ਘੜਨ ਦੇ ਕਿਸੇ ਅਪਰਾਧ ਲਈ ਕਿਸੇ ਵੀ ਕਾਰਵਾਈਆਂ ਦੇ ਪ੍ਰਯੋਜਨਾਂ ਲਈ;

(ੲ) ਅਜਿਹੇ ਹੋਰ ਪ੍ਰਯੋਜਨਾਂ ਲਈ, ਜੋ ਮੁਕੱਰਰ ਕੀਤੇ ਜਾਣ,

ਉਸ ਵਿੱਚ ਹਵਾਲਾ ਕੀਤੀ ਜਾਣਕਾਰੀ ਜਾਂ ਸ਼ਹਾਦਤ ਦੇ ਪ੍ਰਗਟਾਵੇ ਤੇ ਲਾਗੂ ਨਹੀਂ ਹੋਵੇਗੀ।

ਵਿਧਾਇਕ ਵਿਰੁੱਧ ਸ਼ਿਕਾਇਤਾਂ ਦੇ ਬਾਰੇ ਵਿੱਚ ਜਾਣਕਾਰੀ ਦੇ ਪ੍ਰਕਾਸ਼ਨ ਦੇ ਪ੍ਰਗਟਾਵੇ ਲਈ ਡੰਨ।

19. (1) ਕਿਸੇ ਜਨਤਕ ਸੇਵਕ ਵਿਰੁੱਧ ਕੋਈ ਸ਼ਿਕਾਇਤ ਜਾਂ ਅਜਿਹੀ ਸ਼ਿਕਾਇਤ ਜਾਂ ਕਾਰਵਾਈਆਂ ਦੇ ਬਾਰੇ ਵਿੱਚ ਕੋਈ ਕਾਰਵਾਈ (ਭਾਵੇਂ ਉਹ ਤਸਦੀਕ, ਜਾਂਚ ਵਜੋਂ ਜਾਂ ਕਿਸੇ ਹੋਰ ਤਰ੍ਹਾਂ ਨਾਲ ਹੋਵੇ) (ਅਜਿਹੀ ਸ਼ਿਕਾਇਤ ਦੇ ਸਬੰਧ ਵਿੱਚ ਜਾਂ ਅਜਿਹੀ ਕਾਰਵਾਈ ਦੇ ਅਨੁਕ੍ਰਮ ਵਿੱਚ ਜਾਂ ਪ੍ਰਯੋਜਨ ਲਈ ਪੇਸ਼ ਕੀਤੇ, ਇਕੱਠੇ ਕੀਤੇ ਜਾਂ ਕਲਮਬੰਦ ਕੀਤੀ ਕੋਈ ਸ਼ਹਾਦਤ ਸਮੇਤ) ਕਿਸੇ ਵਿਅਕਤੀ ਦੁਆਰਾ ਪ੍ਰਗਟ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾਵੇਗੀ,–

(ੳ) ਜਿੱਥੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਧਾਰਾ 16 ਦੀ ਉਪ-ਧਾਰਾ (1) ਦੇ ਖੰਡ (ੳ) ਦੇ ਅਧੀਨ ਕੇਸ ਸਮਾਪਤ ਕਰਨ ਤੋਂ ਪਹਿਲਾਂ, ਜਾਂ ਜਿਹੀ ਕਿ ਸੂਰਤ ਹੋਵੇ, ਉਸ ਉਪ-ਧਾਰਾ ਦੇ ਖੰਡ (ਅ) ਦੇ ਅਧੀਨ ਕੇਸ ਦੇ ਬਾਰੇ ਵਿੱਚ ਰਿਪੋਟ ਦੇਣ ਤੋਂ ਪਹਿਲਾਂ, ਧਾਰਾ 13 ਦੇ ਅਧੀਨ ਕਿਸੇ ਵੀ ਸਮੇਂ ਅਜਿਹੀ ਸ਼ਿਕਾਇਤ ਦੀ ਜਾਂਚ ਕਰਦਾ ਹੈ;

(ਅ) ਕਿਸੇ ਹੋਰ ਮਾਮਲੇ ਵਿੱਚ, ਸਬੰਧਤ ਸ਼ਕਤਵਾਨ ਅਥਾਰਟੀ ਦੁਆਰਾ ਅਜਿਹੀ ਸ਼ਿਕਾਇਤ ਵਿੱਚ ਲਗਾਏ ਗਏ ਦੂਸ਼ਣਾਂ ਦੇ ਬਾਰੇ ਵਿੱਚ ਨਤੀਜੇ ਮੁਕੱਰਰ ਤਰੀਕੇ ਨਾਲ ਪ੍ਰਗਟ ਕਰਨ ਜਾਂ ਐਲਾਨ ਕੀਤੇ ਜਾਣ ਤੋਂ ਪਹਿਲਾਂ:

ਪਰੰਤੂ ਇਸ ਉਪ-ਧਾਰਾ ਵਿਚਲੀ ਕੋਈ ਗੱਲ,–

(i) ਇਸ ਐਕਟ ਦੇ ਪ੍ਰਯੋਜਨ ਲਈ ਕਿਸੇ ਵੀ ਪ੍ਰਗਟਾਵੇ 'ਤੇ; ਜਾਂ

(ii) ਇਸ ਐਕਟ ਜਾਂ ਕਿਸੇ ਹੋਰ ਕਾਨੂੰਨ ਅਧੀਨ ਕਿਸੇ ਅਪਰਾਧ ਲਈ ਕਾਰਵਾਈਆਂ ਦੇ ਬਾਰੇ ਵਿੱਚ ਕਿਸੇ ਪ੍ਰਗਟਾਵੇ ਜਾਂ ਪ੍ਰਕਾਸ਼ਨ 'ਤੇ; ਜਾਂ

(iii) ਅਜਿਹੇ ਹੋਰ ਪ੍ਰਯੋਜਨਾਂ ਲਈ ਕੀਤੇ ਗਏ ਕਿਸੇ ਪ੍ਰਗਟਾਵੇ ਜਾਂ ਪ੍ਰਕਾਸ਼ਨ 'ਤੇ ਜੋ ਸ਼ਕਤਵਾਨ ਅਥਾਰਟੀ ਦੁਆਰਾ ਪ੍ਰਵਾਨ ਕੀਤੇ ਗਏ ਹੋਣ;

ਲਾਗੂ ਨਹੀਂ ਹੋਵੇਗੀ।

(2) ਜੋ ਕੋਈ ਉਪ-ਧਾਰਾ (1) ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਹ ਅਜਿਹੀ ਕੈਦ ਨਾਲ ਜਿਸਦੀ ਅਉਧ ਛੇ ਮਹੀਨਿਆਂ ਤੱਕ ਦੀ ਹੋ ਸਕੇਗੀ ਜਾਂ ਦੋ ਹਜ਼ਾਰ ਰੁਪਏ ਦੇ ਜੁਰਮਾਨੇ ਨਾਲ ਜਾਂ ਦੋਹਾਂ ਨਾਲ ਦੰਡਤ ਕੀਤਾ ਜਾਵੇਗਾ।

(3) ਇਸ ਧਾਰਾ ਦੇ ਉਪਬੰਧ ਇਸ ਐਕਟ ਦੀ ਕਿਸੇ ਹੋਰ ਧਾਰਾ ਵਿੱਚ ਜਾਂ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਲੋਕਪਾਲ ਜਾਂ ਉਪ-ਲੋਕਪਾਲ ਦੀ ਇਰਾਦਤਨ ਤੋਹੀਨ, ਜਾਂ ਵਿਘਨ ਪਾਉਣਾ ਜਾਂ ਉਹਨਾਂ ਦੇ ਅਕਸ ਨੂੰ ਠੇਸ ਪਹੁੰਚਾਉਣਾ ।

20. (1) ਜੋ ਕੋਈ ਇਰਾਦਾਤਨ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਤੌਹੀਨ ਕਰਦਾ ਹੈ, ਜਾਂ ਉਸਦੇ ਕੰਮ ਵਿੱਚ ਕੋਈ ਰੁਕਾਵਟ ਪਾਉਂਦਾ ਹੈ, ਜਦੋਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਅਧੀਨ ਕੋਈ ਤਸਦੀਕ ਕਰ ਰਿਹਾ ਹੈ ਜਾਂ ਕੋਈ ਜਾਂਚ ਕਰ ਰਿਹਾ ਹੈ, ਉਹ ਅਜਿਹੀ ਸਾਦਾ ਕੈਦ ਨਾਲ ਜਿਸਦੀ ਅਉਧ ਇੱਕ ਮਹੀਨੇ ਤੱਕ ਦੀ ਹੋ ਸਕੇਗੀ ਜਾਂ ਦੋ ਹਜ਼ਾਰ ਰੁਪਏ ਦੇ ਜੁਰਮਾਨੇ ਨਾਲ ਜਾਂ ਦੋਹਾਂ ਨਾਲ ਦੰਡਤ ਕੀਤਾ ਜਾਵੇਗਾ।

(2) ਜੋ ਕੋਈ ਵੀ ਬੋਲੇ ਗਏ ਜਾਂ ਪੜ੍ਹਨ ਲਈ ਚਿਤਵਤ ਸ਼ਬਦਾਂ ਦੁਆਰਾ, ਕੋਈ ਬਿਆਨ ਦਿੰਦਾ ਹੈ ਜਾਂ ਪ੍ਰਕਾਸ਼ਤ ਕਰਦਾ ਹੈ, ਜਾਂ ਕੋਈ ਹੋਰ ਕਾਰਜ ਕਰਦਾ ਹੈ, ਜੋ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਨੂੰ ਬਦਨਾਮ ਕਰਨ ਲਈ ਕੀਤਾ ਗਿਆ ਹੋਵੇ, ਉਹ ਸਾਦਾ ਕੈਦ ਨਾਲ ਜਿਸਦੀ ਅਉਧ ਇੱਕ ਮਹੀਨੇ ਤੱਕ ਦੀ ਹੋ ਸਕੇਗੀ ਜਾਂ ਦੋ ਹਜ਼ਾਰ ਰੁਪਏ ਦੇ ਜੁਰਮਾਨੇ ਨਾਲ ਜਾਂ ਦੋਹਾਂ ਨਾਲ ਦੰਡਤ ਕੀਤਾ ਜਾਵੇਗਾ।

(3) ਉਪ-ਧਾਰਾ (1) ਜਾਂ ਉਪ-ਧਾਰਾ (2) ਦੇ ਅਧੀਨ ਅਪਰਾਧ ਦੇ ਸੰਬੰਧ ਵਿੱਚ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੀ ਧਾਰਾ 199 ਦੀ ਉਪ-ਧਾਰਾ (2) ਦੇ ਉਪਬੰਧ ਇਸ ਰੂਪਭੇਦ ਦੇ ਤਾਬੇ ਲਾਗੂ ਹੋਣਗੇ, ਜਿਵੇਂ ਉਹ ਉਕਤ ਧਾਰਾ 199 ਦੀ ਉਪ-ਧਾਰਾ (2) ਵਿੱਚ ਹਵਾਲਾ ਕੀਤੇ ਅਪਰਾਧ ਦੇ ਸਬੰਧ ਵਿੱਚ ਲਾਗੂ ਹੁੰਦੇ ਹਨ ਕਿ ਅਜਿਹੇ ਅਪਰਾਧ ਦੇ ਸਬੰਧ ਵਿੱਚ ਪਬਲਿਕ ਪ੍ਰਾਸੀਕਿਊਟਰ ਦੁਆਰਾ ਕੋਈ ਵੀ ਸ਼ਿਕਾਇਤ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਪੂਰਵ ਮਨਜ਼ੂਰੀ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ।

ਲੋਕਪਾਲ ਜਾਂ ਉਪ-ਲੋਕਪਾਲ ਕੋਲ ਕੁਝ ਕੁ ਅਪਰਾਧਾਂ ਨੂੰ ਸਰਸਰੀ ਵਿਚਾਰਣ ਦੀ ਸ਼ਕਤੀ।

21. (1) ਜੇ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੇ ਅੱਗੇ ਕਾਰਵਾਈ ਦੇ ਕਿਸੇ ਪੜਾਓ 'ਤੇ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਨੂੰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਅਜਿਹੀ ਕਾਰਵਾਈ ਵਿੱਚ ਪੇਸ਼ ਹੋਣ ਵਾਲੇ ਕਿਸੇ ਵਿਅਕਤੀ ਨੇ ਜਾਣਦੇ ਹੋਏ ਜਾਂ ਜਾਣਬੁੱਝ ਕੇ ਝੂਠੀ ਗਵਾਹੀ ਦਿੱਤੀ ਹੈ ਜਾਂ ਇਸ ਇਰਾਦੇ ਨਾਲ ਝੂਠੇ ਸਬੂਤ ਘੜੇ ਸਨ ਕਿ ਅਜਿਹੀ ਸ਼ਹਾਦਤ ਦੀ ਵਰਤੋਂ ਅਜਿਹੀ ਕਾਰਵਾਈ ਵਿੱਚ ਕੀਤੀ ਜਾਵੇਗੀ, ਤਾਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਜੇ ਤਸੱਲੀ ਹੈ ਕਿ ਨਿਆਂ ਦੇ ਹਿੱਤ ਵਿੱਚ ਇਹ ਜ਼ਰੂਰੀ ਜਾਂ ਹਾਲਾਤ ਅਨੁਸਾਰ ਕਾਲਉਚਿਤ ਹੈ ਕਿ ਉਸ ਵਿਅਕਤੀ ਨੂੰ ਝੂਠੀ ਗਵਾਹੀ ਦੇਣ ਜਾਂ ਘੜਨ ਲਈ ਸਰਸਰੀ ਤੌਰ ਤੇ ਵਿਚਾਰਣ ਕੀਤਾ ਜਾਣਾ ਚਾਹੀਦਾ ਹੈ, ਜਿਹੀ ਕਿ ਸੂਰਤ ਹੋਵੇ, ਤਾਂ ਉਹ ਅਪਰਾਧ ਦਾ ਸਮਾਇਤ-ਅਧਿਕਾਰ ਲੈ ਸਕੇਗਾ ਅਤੇ ਅਪਰਾਧੀ ਨੂੰ ਕਾਰਨ ਦੱਸਣ ਅਤੇ ਸਬੂਤ ਪੇਸ਼ ਕਰਨ ਦਾ ਵਾਜ਼ਬ ਮੌਕਾ ਦੇਣ ਤੋਂ ਪਿੱਛੋਂ, ਕਿ ਉਸਨੂੰ ਅਜਿਹੇ ਅਪਰਾਧ ਲਈ ਸਜ਼ਾ ਕਿਉਂ ਨ ਦਿੱਤੀ ਜਾਵੇ, ਅਜਿਹੇ ਅਪਰਾਧੀ ਦਾ, ਜਿੱਥੋਂ ਤੱਕ ਹੋ ਸਕੇ, ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਅਧੀਨ ਸਰਸਰੀ ਵਿਚਾਰਣ ਲਈ ਉਲਿਖਤ ਜ਼ਾਬਤੇ ਦੀ ਅਨੁਸਾਰਤਾ ਸਰਸਰੀ ਵਿਚਾਰਣ ਕਰ ਸਕਦੇ ਹਨ ਅਤੇ ਅਜਿਹੀ ਕੈਦ ਦੀ ਅਉਧ ਨਾਲ ਜੋ ਇੱਕ ਮਹੀਨੇ ਤੱਕ ਦੀ ਹੋ ਸਕੇਗੀ, ਜਾਂ ਜੁਰਮਾਨੇ ਨਾਲ ਜੋ ਪੰਜ ਸੌ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ ਦੰਡ ਦਿੱਤਾ ਜਾਵੇਗਾ।

(2) ਜਦੋਂ ਭਾਰਤੀ ਦੰਡ ਸੰਘਤਾ ਦੀ ਧਾਰਾ 175, ਧਾਰਾਵਾਂ 178, 179 ਜਾਂ ਧਾਰਾ 180 ਵਿੱਚ ਵਰਣਨ ਕੀਤਾ ਗਿਆ ਕੋਈ ਅਪਰਾਧ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਦ੍ਰਿਸ਼ਟੀ ਅਧੀਨ ਜਾਂ ਮੌਜੂਦਗੀ ਵਿੱਚ ਕੀਤਾ ਜਾਂਦਾ ਹੈ, ਤਾਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਅਪਰਾਧੀ ਨੂੰ ਹਿਰਾਸਤ ਵਿੱਚ ਨਜ਼ਰਬੰਦ ਕਰਵਾ ਸਕਦਾ ਹੈ ਅਤੇ ਉਸੇ ਦਿਨ ਕਿਸੇ ਵੀ ਸਮੇਂ ਅਪਰਾਧ ਦਾ ਸਮਾਇਤ-ਅਧਿਕਾਰ ਲੈ ਸਕਦਾ ਹੈ ਅਤੇ ਅਪਰਾਧੀ ਨੂੰ ਕਾਰਨ ਦੱਸਣ ਅਤੇ ਸ਼ਹਾਦਤ ਪੇਸ਼ ਕਰਨ ਦਾ ਵਾਜ਼ਬ ਮੌਕਾ ਦੇਣ ਤੋਂ ਪਿੱਛੋਂ ਕਿ ਉਸਨੂੰ ਇਸ ਧਾਰਾ ਅਧੀਨ ਦੰਡਤ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ, ਤਾਂ ਅਪਰਾਧੀ ਨੂੰ ਅਜਿਹੀ ਸਾਦਾ ਕੈਦ ਦੀ ਅਉਧ ਨਾਲ ਜੋ ਪੰਦਰਵਾੜੇ ਤੱਕ ਹੋ ਸਕੇਗੀ ਜਾਂ ਜੁਰਮਾਨਾ ਜੋ ਪੰਜ ਸੌ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ ਦੰਡਤ ਕੀਤਾ ਜਾ ਸਕੇਗਾ।

(3) ਇਸ ਧਾਰਾ ਅਧੀਨ ਵਿਚਾਰਣ ਕੀਤੇ ਗਏ ਹਰੇਕ ਮੁਕੱਦਮੇ ਵਿੱਚ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਅਪਰਾਧ ਹੋਣ ਵਾਲੇ ਤੱਥਾਂ ਦੇ ਨਾਲ ਅਪਰਾਧੀ ਦੁਆਰਾ ਦਿੱਤੇ ਗਏ ਬਿਆਨ (ਜੇ ਕੋਈ ਹੋਵੇ) ਦੇ ਨਾਲ ਨਾਲ ਸਿੱਟੇ ਅਤੇ ਦੰਡ ਨੂੰ ਕਲਮਬੰਦ ਕਰੇਗਾ।

(4) ਇਸ ਧਾਰਾ ਅਧੀਨ ਕੀਤੇ ਗਏ ਵਿਚਾਰਣ ਵਿੱਚ ਸਿੱਧ-ਦੋਸ਼ ਠਹਿਰਾਇਆ ਗਿਆ ਕੋਈ ਵਿਅਕਤੀ ਹਾਈ ਕੋਰਟ ਨੂੰ ਅਪੀਲ ਕਰ ਸਕੇਗਾ ਅਤੇ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਅਧਿਆਇ XXIX ਦੇ ਉਪਬੰਧ, ਜਿੱਥੋਂ ਤੱਕ ਹੋ ਸਕੇ, ਇਸ ਧਾਰਾ ਅਧੀਨ ਅਪੀਲਾਂ ਤੇ ਲਾਗੂ ਹੋਣਗੇ ਅਤੇ ਹਾਈ ਕੋਰਟ ਸਿੱਟੇ ਨੂੰ ਬਦਲ ਜਾਂ ਉਲਟਾ ਸਕਦੀ ਹੈ, ਜਾਂ ਅਪੀਲ ਕੀਤੇ ਗਏ ਦੰਡ ਹੁਕਮ ਨੂੰ ਘਟਾ ਜਾਂ ਉਲਟਾ ਸਕਦੀ ਹੈ। ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੁਖਿਤ ਧਿਰ ਨੂੰ ਉੱਚ-ਅਦਾਲਤ ਵਿੱਚ ਅਪੀਲ ਲਈ ਪਹੁੰਚ ਕਰਨ ਦੇ ਸਮਰੱਥ ਬਣਾਉਣ ਲਈ, ਸਜ਼ਾ ਸੁਣਾਉਣ ਤੋਂ ਪਿੱਛੋਂ ਇਸਦੇ ਅਰੰਭ ਨੂੰ ਇੱਕ ਮਹੀਨੇ ਦੀ ਮੁੱਦਤ ਲਈ ਮੁਅੱਤਲ ਕਰ ਦੇਵੇਗਾ ਅਤੇ ਹੁਕਮ ਦੀ ਇੱਕ ਨਕਲ ਐਕਟ ਦੀਆਂ ਧਾਰਾਵਾਂ 20 ਅਤੇ 21 ਦੇ ਅਧੀਨ ਸਿੱਧ-ਦੋਸ਼ ਠਹਿਰਾਏ ਗਏ ਵਿਅਕਤੀ ਨੂੰ ਮੁਫ਼ਤ ਦਿੱਤੀ ਜਾਵੇਗੀ।

(5) ਇਸ ਧਾਰਾ ਦੇ ਉਪਬੰਧ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਝੂਠੀ ਸ਼ਿਕਾਇਤ ਦੇ ਮਾਮਲੇ ਵਿੱਚ ਕਾਰਵਾਈ ।

22. (1) ਹਰੇਕ ਉਹ ਵਿਅਕਤੀ ਜੋ ਜਾਣਬੁੱਝ ਕੇ ਜਾਂ ਦਵੈਖ-ਪੂਰਬਕ ਕੋਈ ਸ਼ਿਕਾਇਤ ਕਰਦਾ ਹੈ ਜਿਸ ਬਾਰੇ ਉਹ ਜਾਣਦਾ ਹੈ ਜਾਂ ਉਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਉਹ ਇਸ ਐਕਟ ਅਧੀਨ ਝੂਠੀ ਹੈ, ਤਾਂ ਉਹ ਅਜਿਹੀ ਕੈਦ ਦੀ ਅਉਧ ਜੋ ਇੱਕ ਸਾਲ ਤੱਕ ਹੋ ਸਕੇਗੀ ਅਤੇ ਜੁਰਮਾਨੇ ਦਾ ਵੀ ਭਾਗੀ ਹੋਵੇਗਾ ਜੋ ਪੰਜ ਹਜ਼ਾਰ ਰੁਪਏ ਤੱਕ ਹੋ ਸਕੇਗਾ, ਨਾਲ ਦੰਡਤ ਕੀਤਾ ਜਾਵੇਗਾ।

(2) ਸੈਸ਼ਨ ਅਦਾਲਤ ਤੋਂ ਸਿਵਾਏ ਕੋਈ ਅਦਾਲਤ ਉਪ-ਧਾਰਾ (1) ਦੇ ਅਧੀਨ ਅਪਰਾਧ ਦਾ ਸਮਾਇਤ-ਅਧਿਕਾਰ ਨਹੀਂ ਲਵੇਗੀ।

(3) ਅਜਿਹੀ ਕੋਈ ਅਦਾਲਤ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੇ ਨਿਰਦੇਸ਼ 'ਤੇ ਪਬਲਿਕ ਪ੍ਰਾਸੀਕਿਊਟਰ ਦੁਆਰਾ ਲਿਖਤੀ ਰੂਪ ਵਿੱਚ ਕੀਤੀ ਗਈ ਸ਼ਿਕਾਇਤ ਦੇ ਸਿਵਾਏ ਅਜਿਹੇ ਅਪਰਾਧ ਦਾ ਸਮਾਇਤ-ਅਧਿਕਾਰ ਨਹੀਂ ਲਵੇਗੀ, ਅਤੇ ਸੈਸ਼ਨ ਅਦਾਲਤ ਮੁਕੱਦਮੇ ਨੂੰ ਉਸ ਦੇ ਸਪੁਰਦ ਕੀਤੇ ਬਿਨਾਂ ਹੀ ਅਜਿਹੀ ਸ਼ਿਕਾਇਤ 'ਤੇ ਅਪਰਾਧ ਦਾ ਸਮਾਇਤ-ਅਧਿਕਾਰ ਲੈ ਸਕੇਗੀ।

(4) ਸੈਸ਼ਨ ਅਦਾਲਤ, ਝੂਠੀ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਸਿੱਧ-ਦੋਸ਼ ਠਹਿਰਾਉਣ ਤੇ, ਜੁਰਮਾਨੇ ਦੀ ਰਕਮ ਵਿੱਚੋਂ ਉਸ ਜਨਤਕ ਸੇਵਕ, ਜਿਸ ਦੇ ਵਿਰੁੱਧ ਝੂਠੀ ਸ਼ਿਕਾਇਤ ਕੀਤੀ ਗਈ ਹੈ, ਨੂੰ ਮੁਆਵਜ਼ੇ ਵਜੋਂ ਅਜਿਹੀ ਰਕਮ ਦੇ ਸਕਦੀ ਹੈ ਜੋ ਉਹ ਉਚਿਤ ਸਮਝਦੀ ਹੈ।

(5) ਇਸ ਧਾਰਾ ਦੇ ਉਪਬੰਧ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਲੋਕਪਾਲ ਨੂੰ ਅਤਿਰਿਕਤ ਕਾਜਕਾਰ ਪ੍ਰਦਾਨ ਕਰਨਾ।

23. (1) ਰਾਜਪਾਲ, ਮੁੱਖ ਮੰਤਰੀ ਨਾਲ ਮਸ਼ਵਰਾ ਕਰਕੇ ਅਤੇ ਇੱਕ ਲਿਖਤੀ ਹੁਕਮ ਦੁਆਰਾ ਅਤੇ ਅਜਿਹੀਆਂ ਸ਼ਰਤਾਂ ਜਾਂ ਸੀਮਾਵਾਂ ਦੇ ਤਾਬੇ ਜੋ ਹੁਕਮ ਵਿੱਚ ਉਲਿਖਤ ਕੀਤੀਆਂ ਜਾਣ, ਲੋਕਪਾਲ ਤੋਂ ਕਿਸੇ ਜਨਤਕ ਸੇਵਕ ਦੇ ਬਾਰੇ ਵਿੱਚ ਹੁਕਮ ਵਿੱਚ ਉਲਿਖਤ ਦੁਰਾਚਾਰ ਦੇ ਕਿਸੇ ਦੂਸ਼ਣਾਂ ਦੀ ਜਾਂਚ ਕਰਨੀ ਲੋੜ ਸਕਦਾ ਹੈ ਅਤੇ ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਲੋਕਪਾਲ ਅਜਿਹੇ ਹੁਕਮ ਦੀ ਪਾਲਣਾ ਕਰੇਗਾ।

(2) ਜਦੋਂ ਲੋਕਪਾਲ ਨੇ ਉਪ-ਧਾਰਾ (1) ਦੇ ਅਧੀਨ ਕੋਈ ਜਾਂਚ ਕਰਨੀ ਹੁੰਦੀ ਹੈ, ਜਾਂ ਉਸ ਦੁਆਰਾ ਇਹ ਜਾਂਚ ਉਪ-ਲੋਕਪਾਲ ਨੂੰ ਸੌਂਪੀ ਜਾਂਦੀ ਹੈ, ਤਾਂ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਉਹੀ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਉਹੀ ਕਾਜਕਾਰਾਂ ਨੂੰ ਨਿਭਾਏਗਾ ਜੋ ਉਹ ਇਸ ਐਕਟ ਦੇ ਅਧੀਨ ਕਿਸੇ ਸ਼ਿਕਾਇਤ ਵਿੱਚ ਕੀਤੀ ਗਈ ਜਾਂਚ ਦੇ ਮਾਮਲੇ ਵਿੱਚ ਕਰਦਾ ਅਤੇ ਇਸ ਐਕਟ ਦੇ ਉਪਬੰਧ ਉਸੇ ਅਨੁਸਾਰ ਲਾਗੂ ਹੋਣਗੇ।

ਕੁਝ ਕੁ ਮਾਮਲਿਆਂ ਵਿੱਚ ਸ਼ਿਕਾਇਤਕਰਤਾ ਨੂੰ ਅਦਾਇਗੀਯੋਗ ਮੁਆਵਜ਼ਾ ਜਾਂ ਇਨਾਮ ਜਾਂ ਦੇਵੇਂ।

24. ਜੇ ਲੋਕਪਾਲ ਸੰਤੁਸ਼ਟ ਹੈ:–

(ੳ) ਕਿ ਸ਼ਿਕਾਇਤ ਵਿੱਚ ਲਗਾਏ ਗਏ ਸਾਰੇ ਜਾਂ ਕੋਈ ਵੀ ਦੂਸ਼ਣ ਜਾਂ ਤਾਂ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ 'ਤੇ ਸਾਬਤ ਹੋਏ ਹਨ ਜਾਂ ਸਾਬਤ ਹੋਇਆ ਹੈ; ਅਤੇ

(ਅ) ਕਿ ਅਜਿਹੀ ਸ਼ਿਕਾਇਤ ਦੇ ਬਾਰੇ ਵਿੱਚ ਹੋਈ ਕਾਰਵਾਈ ਦੇ ਸਬੰਧ ਵਿੱਚ ਸ਼ਿਕਾਇਤਕਰਤਾ ਦੁਆਰਾ ਕੀਤੇ ਗਏ ਖ਼ਰਚਿਆਂ ਅਤੇ ਮਾਮਲੇ ਦੇ ਹੋਰ ਸੁਸੰਗਤ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜੇ ਸ਼ਿਕਾਇਤਕਰਤਾ ਮੁਆਵਜ਼ਾ ਜਾਂ ਇਨਾਮ ਦਾ ਹੱਕਦਾਰ ਹੈ ਤਾਂ ਲੋਕਪਾਲ ਸਰਕਾਰ ਨੂੰ ਉਸ ਰਕਮ ਦੀ ਸਿਫ਼ਾਰਸ਼ ਕਰ ਸਕਦਾ ਹੈ ਜੋ ਸ਼ਿਕਾਇਤਕਰਤਾ ਨੂੰ ਅਜਿਹੇ ਮੁਆਵਜ਼ੇ ਜਾਂ ਇਨਾਮ ਵਜੋਂ ਅਦਾ ਕੀਤੀ ਜਾ ਸਕੇਗੀ ਅਤੇ ਰਾਜ ਸਰਕਾਰ ਇਸ ਤਰ੍ਹਾਂ ਸਿਫ਼ਾਰਸ਼ ਕੀਤੀ ਗਈ ਰਕਮ ਦੀ ਅਦਾਇਗੀ ਸ਼ਿਕਾਇਤਕਰਤਾ ਨੂੰ ਕਰ ਸਕੇਗੀ।

ਹਿਫ਼ਾਜ਼ਤ।

25. (1) ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਜਾਂ ਧਾਰਾ 8 ਵਿੱਚ ਹਵਾਲਾ ਕੀਤੇ ਕਿਸੇ ਅਧਿਕਾਰੀ, ਕਰਮਚਾਰੀ, ਏਜੰਸੀ ਜਾਂ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ, ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

(2) ਧਾਰਾ 21 ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਦੀ ਕੋਈ ਕਾਰਵਾਈ ਜਾਂ ਫ਼ੈਸਲਾ ਕਿਸੇ ਅਦਾਲਤ ਵਿੱਚ ਚੁਣੌਤੀ, ਨਜ਼ਰਸਾਨੀ, ਰੱਦ ਜਾਂ ਉਜ਼ਰ ਕੀਤੇ ਜਾਣ ਦਾ ਭਾਗੀ ਨਹੀਂ ਹੋਵੇਗਾ।

ਡੈਲੀਗੇਟ ਕਰਨ ਦੀ ਸ਼ਕਤੀ ।

26. ਲੋਕਪਾਲ ਜਾਂ ਉਪ-ਲੋਕਪਾਲ, ਜਿਹੀ ਕਿ ਸੂਰਤ ਹੋਵੇ, ਲਿਖਤੀ ਸਾਧਾਰਨ ਅਤੇ ਵਿਸ਼ੇਸ਼ ਹੁਕਮ ਦੁਆਰਾ, ਅਤੇ ਅਜਿਹੀਆਂ ਸ਼ਰਤਾਂ ਅਤੇ ਸੀਮਾਵਾਂ ਦੇ ਤਾਬੇ ਜੋ ਉਸ ਵਿੱਚ ਉਲਿਖਤ ਕੀਤੀਆਂ ਜਾਣ, ਇਹ ਨਿਰਦੇਸ਼ ਦੇ ਸਕੇਗਾ ਕਿ ਇਸ ਐਕਟ ਦੇ ਦੁਆਰਾ ਜਾਂ ਇਸ ਅਧੀਨ ਉਸਨੂੰ ਪ੍ਰਦਾਨ ਕੀਤੀਆਂ ਗਈਆਂ ਕੋਈ ਸ਼ਕਤੀਆਂ ਜਾਂ ਅਰੋਪੇ ਗਏ ਕਰਤੱਵ, ਧਾਰਾ 12 ਦੀ ਉਪ-ਧਾਰਾ (1) ਦੇ ਅਧੀਨ ਸ਼ਿਕਾਇਤ ਨੂੰ ਖਾਰਜ ਕਰਨ ਦੀਆਂ ਸ਼ਕਤੀਆਂ, ਧਾਰਾ 16 ਦੇ ਅਧੀਨ ਕੇਸਾਂ ਨੂੰ ਬੰਦ ਕਰਨ ਅਤੇ ਰਿਪੋਟਾਂ ਤਿਆਰ ਕਰਨ ਦੀਆਂ ਸ਼ਕਤੀਆਂ ਅਤੇ ਧਾਰਾ 21 ਦੇ ਅਧੀਨ ਸ਼ਕਤੀਆਂ ਦੇ ਸਿਵਾਏ, ਧਾਰਾ 8 ਦੀ ਉਪ-ਧਾਰਾ (1) ਜਾਂ ਉਪ-ਧਾਰਾ (2) ਵਿੱਚ ਹਵਾਲਾ ਕੀਤੇ ਗਏ ਅਜਿਹੇ ਅਧਿਕਾਰੀਆਂ, ਕਰਮਚਾਰੀਆਂ ਜਾਂ ਏਜੰਸੀਆਂ ਦੁਆਰਾ ਵੀ ਵਰਤੀਆਂ ਜਾਣਗੀਆਂ ਜਾਂ ਨਿਭਾਏ ਜਾਣਗੇ, ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ।

ਨਿਯਮ ਬਣਾਉਣ ਦੀ ਸ਼ਕਤੀ ।

27. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਤੇ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਉਪਰੋਕਤ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਰਾਜ ਵਿਧਾਨ ਮੰਡਲ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਰਾਜ ਵਿਧਾਨ ਮੰਡਲ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਬਚਾਓ ।

28. ਇਸ ਐਕਟ ਦੇ ਉਪਬੰਧ, ਕਿਸੇ ਕਾਰਵਾਈ ਦੇ ਬਾਰੇ ਵਿੱਚ ਕਿਸੇ ਹੋਰ ਇਨੈਕਟਮੈਂਟ ਜਾਂ ਕਿਸੇ ਨਿਯਮ ਜਾਂ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਹੋਣਗੇ ਜਿਸਦੇ ਅਧੀਨ ਅਪੀਲ, ਸੁਧਾਈ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਉਪਚਾਰ ਇਸ ਐਕਟ ਅਧੀਨ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਉਪਲਬਧ ਹੈ ਅਤੇ ਇਸ ਐਕਟ ਵਿੱਚ ਕੁਝ ਵੀ ਅਜਿਹੇ ਵਿਅਕਤੀ ਦੇ ਅਜਿਹੇ ਉਪਚਾਰ ਦਾ ਫ਼ਾਇਦਾ ਉਠਾਉਣ ਦੇ ਅਧਿਕਾਰ ਨੂੰ ਸੀਮਤ ਜਾਂ ਪ੍ਰਭਾਵਿਤ ਨਹੀਂ ਕਰੇਗਾ।

29. (1) ਪੰਜਾਬ ਲੋਕਪਾਲ ਆਰਡੀਨੈਂਸ, 1996 (1996 ਦਾ ਪੰਜਾਬ ਆਰਡੀਨੈਂਸ ਨੰ. 4) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ। ਨਿਰਸਨ ਅਤੇ ਬਚਾਉ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

ਅਨੁਸੂਚੀ

[ਧਾਰਾ 4(2) ਦੇਖੋ]

ਮੈਂ, _____ *ਲੋਕਪਾਲ/ਉਪ-ਲੋਕਪਾਲ ਵਜੋਂ ਨਿਯੁਕਤ ਹੋਣ ਤੇ, ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ ਅਤੇ ਕਿ ਮੈਂ ਆਪਣੀ ਪੂਰੀ ਯੋਗਤਾ, ਗਿਆਨ ਅਤੇ ਨਿਰਣੇ ਅਨੁਸਾਰ ਆਪਣੇ ਅਹੁਦੇ ਦੇ ਕਰਤੱਵਾਂ ਨੂੰ ਕਿਸੇ ਡਰ, ਪੱਖਪਾਤ, ਸਨੇਹ ਜਾਂ ਦੁਰਭਾਵਨਾ ਦੇ ਯਥਾਯੋਗ ਅਤੇ ਵਫ਼ਾਦਾਰੀ ਨਾਲ ਨਿਭਾਵਾਂਗਾ।

[*ਜੋ ਲਾਗੂ ਨਹੀਂ ਹੁੰਦਾ ਉਸਨੂੰ ਕੱਟ ਦਿਓ।]

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

3734/6-2026/Pb. Govt. Press, S.A.S. Nagar